
ਹੰਸਤੀ ਦੁਨੀਆ
₹15/-
Hansti Duniya (Punjabi)
• Vol. 43 • No. 8
• August 2019

*ਸਭ ਤੋਂ ਪਹਿਲਾਂ*

## ਦਿਨਾਂ ਦਾ ਮਹੱਤਵ





# ਹੰਸਤੀ ਦੁਨੀਆ

• Vol.43 • ਅੰਕ : 08 • ਅਗਸਤ 2019 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankari Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009



*Editor (Honorary)*

Sulekh Singh 'Sathi'

**Email:** editorial@nirankari.org

**Ph.:** 011-47660200

**Fax:** 011-27608215

**Website:** http//www.nirankari.org

kids.nirankari.org








## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries

Equivalent to U.S. Dollars as mentioned above.

## ਸਤੰਭ


ਸਭ ਤੋਂ ਪਹਿਲਾਂ 04

ਵਿਗਿਆਨ ਪ੍ਰਸ਼ਨੋਤਰੀ 10

ਹਾਸਾ-ਖੇਡਾ 16

ਸਾਧਾਰਣ ਗਿਆਨ ਪ੍ਰਸ਼ਨੋਤਰੀ 19

ਕੀ ਤੁਸੀ ਜਾਣਦੇ ਹੋ? 27

ਰੰਗ ਭਰੋ ਪ੍ਰਤੀਯੋਗਿਤਾ 38

ਕਦੇ ਨਾ ਭੁੱਲੋ 42

ਬੁੱਧੀ ਦੀ ਪਰਖ 50




## ਚਿੱਤਰਕਥਾਵਾਂ


ਕਿੱਟੀ 20


ਦਾਦਾ ਜੀ 46
















## ਕਹਾਣੀਆਂ


ਖਿੜ ਉਠੇ ਚਿਹਰੇ
- ਡਾ. ਦੇਸ਼ਬੰਧੂ 06

ਰਿਸ਼ਤੇ ਪਿਆਰ ਦੇ
- ਕ੍ਰਿਸ਼ਣ ਕੁਮਾਰ 15

ਏਕਤਾ ਵਿਚ ਤਾਕਤ
- ਕਿਸ਼ਨਲਾਲ ਸ਼ਰਮਾ 24

ਕਾਲਾ ਕਾਂ ਤੇ ਪੀਲੀ ਚਿੜੀ
- ਉਦੈ ਕੁਮਾਰ 28

ਬਿਨ ਮਿਹਨਤ ਸਭ ਸੁਨਸਾਨ
- ਸ਼ਰਨਜੀਤ 31

ਮਿਹਨਤ ਦੀ ਕਮਾਈ
- ਰਜਿੰਦਰ ਪ੍ਰਦੇਸੀ 35

ਦੁਸ਼ਮਣ ਬਣੇ ਦੋਸਤ
- ਰਾਧੇਲਾਲ ਨਵਚੱਕਰ 43


## ਗੀਤ-ਕਵਿਤਾਵਾਂ


ਤਿਰੰਗਾ ਉਚੱਾਂ ਲਹਿਰਾਏ
- ਸੁਰਿੰਦਰ ਰੰਧਾਵਾ 05

ਸੋਹਣੀਏ ਰੱਖੜੀਏ
- ਸੁਰਜੀਤ ਦੇਵਲ 11

ਪਤੰਗ
- ਬਲਵਿੰਦਰ ਬਾਲਮ 18

ਜਲ ਹੀ ਜੀਵਨ ਹੈ
- ਰੂਪ ਨਾਰਾਇਣ 26

ਆਜ਼ਾਦੀ
- ਓਮਕਾਰ ਸੂਦ 30

ਆਇਆ ਰੱਖੜੀ ਦਾ ਤਿਉਹਾਰ
- ਕੁਲਦੀਪ ਸਿੰਘ ਮਸਤ 34

ਫਰਜ਼ ਨਿਭਾਉਂਦੇ ਰਹਾਂਗੇ ਤਿਰੰਗਿਆ
- ਸੁੰਦਰਪਾਲ ਪ੍ਰੇਮੀ 39


## ਵਿਸ਼ੇਸ਼ ਲੇਖ


ਕ੍ਰਾਂਤੀਕਾਰੀ ਬਾਬੂ ਕੁੰਵਰ ਸਿੰਘ
- ਰੂਪਾ ਰਾਣੀ 09

ਝਾਂਸੀ ਦੀ ਰਾਣੀ
- ਸ਼ਿਵਚਰਨ 12

ਨਿੰਬੂ ਦੀ ਉਪਯੋਗਤਾ
- ਰਾਜਕੁਮਾਰ 32

ਸ਼ੁਤਰਮੁਰਗ
- ਵਿਦਿਆ ਪ੍ਰਕਾਸ਼ 40

ਕਿਵੇਂ ਭੁੱਲੀਏ ਚਿੜੇ ਤੇ ਚਿੜੀਆਂ ਨੂੰ
- ਕਿਰਨਬਾਲਾ 44

ਆਤਮਵਿਸ਼ਵਾਸ ਦੀ ਜਿੱਤ
- ਸੀਤਾਰਾਮ ਗੁਪਤਾ 45

*ਸਭ ਤੋਂ ਪਹਿਲਾਂ*

# ਦਿਨਾਂ ਦਾ ਮਹੱਤਵ



ਪਿਆਰੇ ਬਚਿਓ! ਸਾਲ ਦੇ 365 ਦਿਨ ਹੁੰਦੇ ਹਨ। ਸਾਰੇ ਦਿਨ ਇਕੋ ਜਿਹੇ ਹੀ ਹੁੰਦੇ ਹਨ। ਰੋਜ ਸਵੇਰ ਹੁੰਦੀ ਹੈ, ਦੁਪਹਿਰ ਹੋ ਜਾਂਦੀ ਹੈ, ਫਿਰ ਸ਼ਾਮ ਅਤੇ ਫਿਰ ਰਾਤ। ਭਾਵ ਦਿਨਾਂ ਦੀ ਬਣਤਰ ਵਿਚ ਕੋਈ ਫਰਕ ਨਹੀਂ ਹੁੰਦਾ ਪਰ ਕੋਈ ਕੋਈ ਦਿਨ ਅਜਿਹਾ ਹੁੰਦਾ ਹੈ ਜਿਸ ਨੂੰ ਅਸੀਂ ਪੂਰੀ ਉਮਰ ਯਾਦ ਰੱਖਦੇ ਹਾਂ। ਸਾਲ ਮਗਰੋਂ ਉਹ ਦਿਨ ਆਉਂਦਾ ਹੈ ਤਾਂ ਅਸੀਂ ਉਸ ਦਿਨ ਦੀਆਂ ਯਾਦਾਂ ਨੂੰ ਮੁੜ ਦੁਹਰਾਉਂਦੇ ਹਾਂ। ਕਈ ਦਿਨਾਂ ਤੇ ਜਸ਼ਨ ਮਨਾਉਂਦੇ ਹਾਂ ਤਾਂ ਕਈ ਦਿਨਾਂ ਤੇ ਮਾਤਮ। ਜੋ ਦਿਨ ਸਾਡਾ ਜਨਮ ਦਿਨ ਹੁੰਦਾ ਹੈ; ਉਹ ਸਾਡੇ ਲਈ ਬਹੁਤ ਹੀ ਚੰਗਾ ਤੇ ਯਾਦਗਾਰੀ ਦਿਨ ਹੁੰਦਾ ਹੈ। ਅਸੀਂ ਆਪਣੇ ਦੋਸਤਾਂ-ਮਿਤਰਾਂ ਨੂੰ ਬੁਲਾਉਂਦੇ ਹਾਂ, ਪਾਰਟੀ ਕਰਦੇ ਹਾਂ, ਕੇਕ ਕਟਦੇ ਹਾਂ, ਮਿਠਾਈਆਂ ਖਾਂਦੇ ਅਤੇ ਵੰਡਦੇ ਹਾਂ। ਕਿਉਂ? ਕਿਉਂਕਿ ਅਸੀਂ ਜਾਣਦੇ ਹਾਂ ਕਿ ਉਸ ਦਿਨ ਕਾਰਣ ਹੀ ਅਜ ਅਸੀਂ ਹਾਂ ਜੋ ਐਨਾ ਕੁਝ ਕਰਨ ਵਿਚ ਸਮਰਥ ਹਾਂ।

ਪਿਆਰੇ ਬਚਿਓ ! 15 ਅਗਸਤ ਦਾ ਦਿਨ ਵੀ ਅਜਿਹਾ ਸੁਭਾਗਸ਼ਾਲੀ ਦਿਨ ਹੈ। ਇਸ ਦਿਨ ਸਾਡੇ ਪਿਆਰੇ ਮੁਲਕ ਹਿੰਦੁਸਤਾਨ ਨੂੰ ਆਜ਼ਾਦੀ ਮਿਲੀ ਸੀ। ਇਹ ਦਿਨ ਸਾਡੇ ਦੇਸ਼ ਦੀ ਆਜ਼ਾਦੀ ਦਾ ਜਨਮ ਦਿਨ ਹੈ। ਇਸ ਦਿਨ ਕਾਰਣ ਹੀ ਅਜ ਅਸੀਂ ਆਜ਼ਾਦ ਮੁਲਕ ਕਹਾਉਂਦੇ ਹਾਂ। ਪੂਰੀ ਦੁਨੀਆਂ ਵਿਚ ਸਾਡਾ ਸਨਮਾਨ ਹੈ। ਅਸੀਂ ਤਰੱਕੀਆਂ ਤੇ ਸਿਖਰਾਂ ਤੇ ਪਹੁੰਚ ਸਕੇ ਹਾਂ। ਇਸਲਈ ਇਸ ਦਿਨ ਦੀ ਮਹੱਤਾ ਦਾ ਹਮੇਸ਼ਾ ਧਿਆਨ ਰਖਣਾ ਹੈ; ਇਸ ਦਿਨ ਲਈ ਹੋਈਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਹੈ ਅਤੇ ਸਾਡੀ ਜ਼ਿੰਦਗੀ ਵਿਚ ਆਜ਼ਾਦੀ ਲਿਆਉਣ ਵਾਲੇ ਸਾਰੇ ਸੁਤੰਤਰਾ ਸੈਨਾਨੀਆਂ ਪ੍ਰਤੀ ਨਤਮਸਤਕ ਹੋਣਾ ਹੈ। ਪਿਆਰੇ ਬਚਿਓ ! ਇਹ ਸਭ ਕੁਝ ਕਰਨ ਦੇ ਨਾਲ-ਨਾਲ ਅਸੀਂ ਇਸ ਆਜ਼ਾਦੀ ਨੂੰ ਕਾਇਮ ਰੱਖਣ ਅਤੇ ਮਜਬੂਤ ਕਰਨ ਲਈ ਹਰ ਸਮੇਂ, ਹਰ ਤਰ੍ਹਾਂ ਨਾਲ ਸਮਰਪਣ ਵੀ ਕਰਨਾ ਹੈ। ਦੇਸ਼ ਦੀ ਖੁਸ਼ਹਾਲੀ ਲਈ ਹਰ ਜਤਨ ਕਰਨਾ ਹੈ ਅਤੇ ਕਦੇ ਕਿਸੇ ਵੀ ਬਹਿਕਾਵੇ ਵਿਚ ਆ ਕੇ ਕੋਈ ਅਜਿਹਾ ਕੰਮ ਨਹੀਂ ਕਰਨਾ ਜਿਸ ਨਾਲ ਦੇਸ਼ ਨੂੰ, ਦੇਸ਼ ਦੀ ਆਜ਼ਾਦੀ ਨੂੰ ਕੋਈ ਨੁਕਸਾਨ ਹੋਵੇ।

ਪਿਆਰੇ ਬੱਚਿਓ! ਨਿਰੰਕਾਰੀ ਮਿਸ਼ਨ ਵਿਚ ਇਸ ਦਿਨ ਨੂੰ ਮੁਕਤੀ-ਪੁਰਬ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਜਿਸ ਤਰ੍ਹਾਂ ਆਜ਼ਾਦੀ ਦਿਵਸ ਤੇ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲਿਆਂ ਨੂੰ ਸ਼ਰਧਾ ਨਾਲ ਯਾਦ ਕੀਤਾ ਜਾਂਦਾ ਹੈ, ਉਸੀ ਤਰ੍ਹਾ ਮੁਕਤੀ-ਪੁਰਬ ਤੇ ਸਾਡੀ ਆਤਮਾ ਨੂੰ ਬੰਧਨਾਂ ਤੋਂ ਮੁਕਤ ਕਰਵਾਉਣ ਵਾਲੇ ਉਨ੍ਹਾਂ ਕਰਮਯੋਗੀ ਸੰਤਾਂ-ਮਹਾਂਪੁਰਸ਼ਾਂ ਨੂੰ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੇ ਪਰਉਪਕਾਰਾਂ ਤੋਂ ਪ੍ਰੇਰਣਾ ਪ੍ਰਾਪਤ ਕਰਕੇ ਖੁਦ ਵੀ ਉਸੀ ਤਰ੍ਹਾਂ ਦੇ ਕਰਮ ਕਰਨ ਦੇ ਜਤਨ ਕੀਤੇ ਜਾਂਦੇ ਹਨ। ਜੀਵਨ ਦੀ ਹਕੀਕਤ ਨੂੰ ਜਾਣ ਕੇ ਹਕੀਕਤ ਵਿਚ ਜੀਉਣ ਅਤੇ ਹਰ ਤਰ੍ਹਾਂ ਦੇ ਭਰਮਾਂ ਤੋਂ ਮੁਕਤ ਹੋਣ ਦਾ ਸੰਕਲਪ ਕੀਤਾ ਜਾਂਦਾ ਹੈ। ਜੀਵਨ ਦੀਆਂ ਹੋਰ ਵੀ ਅਜਿਹੀਆਂ ਅਨੇਕਾਂ ਘਟਨਾਵਾਂ ਹੁੰਦੀਆਂ ਹਨ ਜੋ ਕਿਸੇ ਨਾ ਕਿਸੇ ਦਿਨ ਨਾਲ ਹੀ ਜੁੜੀਆਂ ਹੁੰਦੀਆਂ ਹਨ।

ਸੋ ਪਿਆਰੇ ਬੱਚਿਓ! ਹਰ ਦਿਨ ਭਾਵੇਂ ਸਾਡੇ ਲਈ ਨਵਾਂ ਦਿਨ ਹੈ, ਪਰ ਉਸ ਦਿਨ ਨਾਲ ਜੁੜੀ ਕੋਈ ਨਾ ਕੋਈ ਘਟਨਾ ਉਸ ਦਿਨ ਨੂੰ ਵਿਸ਼ੇਸ਼ ਬਣਾ ਦਿੰਦੀ ਹੈ। ਅਸੀਂ ਹਮੇਸ਼ਾ ਉਸ ਵਿਸ਼ੇਸ਼ਤਾ ਨਾਲ ਜੁੜਨਾ ਹੈ।

ਸੁਲੇਖ 'ਸਾਥੀ'
ssathi_2007@yahoo.com

# ਤਿਰੰਗਾ ਉੱਚਾ ਲਹਿਰਾਏ



ਝੰਡਾ ਭਾਰਤ ਦਾ ਆਪਣਾ ਪਿਆਰਾ,
ਤਿਰੰਗਾ ਉੱਚਾ ਲਹਿਰਾਏ।
ਗੌਰਵ ਹੈ ਇਹ ਮਾਤਭੂਮੀ ਦੀ,
ਜਗ ਵਿਚ ਸ਼ਾਨ ਵਧਾਏ।

ਸਭ ਤੋਂ ਉਪਰ ਰੰਗ ਕੇਸਰੀਆ,
ਰਣਵੀਰਾਂ ਦੀ ਨਿਸ਼ਾਨੀ।
ਹੇਠਾਂ ਹਰਾ ਰੰਗ ਕਹਿੰਦਾ ਹੈ,
ਅਮਨ ਪ੍ਰੇਮ ਦੀ ਕਹਾਣੀ।
ਵਿਚਕਾਰ ਉਜਲਾ ਰੰਗ ਸਫੇਦ,
ਹਰ ਮਨ ਨੂੰ ਸੁਖ ਪਹੁੰਚਾਏ।

ਸ਼ਿਖਰਾਂ ਮੈਦਾਨਾਂ ਵਿਚ ਇਹ,
ਹਰ ਥਾਂ ਤੇ ਸੋਭਾ ਪਾਵੇ।
ਸਾਗਰ ਦੇ ਸੀਨੇ ਤੇ ਚਲਦੀਆਂ,
ਬੇੜੀਆਂ ਤੇ ਲਹਿਰਾਵੇ।
ਜਿਉਂ ਲਹਿਰਾਵਣ ਤਿੰਨੇ ਸੈਨਾਵਾਂ,
ਹਰ ਕੋਈ ਉਂਜ ਲਹਿਰਾਏ।

ਉੱਚਾ ਸਦਾ ਉਠਾਵਾਂਗੇ ਅਸੀਂ,
ਝੁਕਣ ਜਰਾ ਨਹੀਂ ਦੇਣਾ।
ਬੁਰੀ ਨਜ਼ਰ ਕਰੇ ਜੇ ਕੋਈ,
ਸਬਕ ਹੈ ਉਸਨੂੰ ਦੇਣਾ।
ਆਜਾਦੀ ਦਾ ਚਿੰਨ੍ਹ ਤਿਰੰਗਾ,
ਉੱਚਾ ਉਠਦਾ ਜਾਏ।



❒ *(ਸੁਰਿੰਦਰ ਰੰਧਾਵਾ)*



ਬਾਲ ਕਹਾਣੀ : ਡਾ: ਦੇਸ਼ਬੰਧੂ

# ਖਿੜ ਉਠੇ ਚਿਹਰੇ

ਵਿਪਿਨ ਅਤੇ ਵਿਵੇਕ ਬਹੁਤ ਚੰਗੇ ਦੋਸਤ ਸਨ। ਵਿਪਿਨ ਦੇ ਪਿਤਾ ਜੀ ਦਾ ਚੰਗਾ ਕਾਰੋਬਾਰ ਸੀ। ਉਧਰ ਵਿਵੇਕ ਦੇ ਪਿਤਾ ਜੀ ਦੀ ਰੱਦੀ ਅਤੇ ਪਰਚੂਨ ਦੀ ਦੁਕਾਨ ਸੀ। ਵਿਵੇਕ ਦੇ ਪਿਤਾ ਜੀ ਨੇ ਆਪਣੀ ਗਰੀਬੀ ਦਾ ਪ੍ਰਭਾਵ ਕਦੇ ਵਿਵੇਕ ਦੀ ਪੜ੍ਹਾਈ ਤੇ ਨਹੀਂ ਪੈਣ ਦਿੱਤਾ। ਉਹਨਾਂ ਦਾ ਸੋਚਣਾ ਸੀ ਕਿ ਉਹਨਾਂ ਨੂੰ ਚਾਹੇ ਕਿੰਨੀ ਵੀ ਮਿਹਨਤ ਕਿਉਂ ਨਾ ਕਰਨੀ ਪਏ, ਲੇਕਿਨ ਉਹ ਵਿਵੇਕ ਦੀ ਪੜ੍ਹਾਈ-ਲਿਖਾਈ ਵਿੱਚ ਕੋਈ ਵੀ ਰੁਕਾਵਟ ਨਹੀਂ ਹੋਣ ਦੇਣਗੇ। ਵਿਵੇਕ ਵੀ ਆਪਣੇ ਮਾਤਾ-ਪਿਤਾ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਪੂਰੀ ਤਰ੍ਹਾਂ ਨਾਲ ਜੁਟਿਆ ਹੋਇਆ ਸੀ। ਉਹ ਆਪਣਾ ਜ਼ਿਆਦਾਤਰ ਸਮਾਂ ਪੜ੍ਹਾਈ ਵਿੱਚ ਹੀ ਬਤੀਤ ਕਰਦਾ ਸੀ। ਇਹੀ ਕਾਰਣ ਸੀ ਕਿ ਉਹ ਹਰ ਸਾਲ ਆਪਣੀ ਜਮਾਤ ਵਿਚੋਂ ਫਸਟ ਆਉਂਦਾ ਸੀ।

ਉਸ ਦਿਨ ਰੋਜ਼ ਦੀ ਤਰ੍ਹਾਂ ਹੀ ਵਿਪਿਨ ਅਤੇ ਵਿਵੇਕ 'ਇੰਟਰਵੇਲ' ਵਿੱਚ ਖਾਣਾ ਖਾ ਰਹੇ ਸਨ। ਅਚਾਨਕ ਵਿਪਿਨ ਨੇ ਵਿਵੇਕ ਨੂੰ ਕਿਹਾ- ਅਗਲੇ ਹਫਤੇ ਮੇਰਾ ਜਨਮ-ਦਿਨ ਹੈ। ਮੈਂ ਪਾਪਾ ਨੂੰ ਕਹਿ ਦਿੱਤਾ ਹੈ ਕਿ ਮੈਂ ਆਪਣਾ ਜਨਮਦਿਨ ਧੂਮਧਾਮ ਨਾਲ ਮਨਾਊਂਗਾ। ਆਪਣੇ ਸਾਰੇ ਦੋਸਤਾਂ ਨੂੰ ਵੀ ਆਪਣੇ ਜਨਮ-ਦਿਨ ਤੇ ਬੁਲਾਵਾਂਗਾ। ਮੇਰੀ ਗੱਲ ਪਾਪਾ ਜੀ ਨੇ ਮੰਨ ਲਈ ਹੈ। ਉਹਨਾਂ ਨੇ ਕੱਲ ਇਕ ਸੁੰਦਰ ਕੇਕ ਦਾ ਆਰਡਰ ਵੀ ਦੇ ਦਿੱਤਾ ਹੈ।

ਕੁਝ ਪਲ ਰੁਕ ਕੇ ਵਿਪਿਨ ਨੇ ਫਿਰ ਕਿਹਾ - ਤੂੰ ਮੇਰਾ ਸਭ ਤੋਂ ਚੰਗਾ ਦੋਸਤ ਹੈ ਵਿਵੇਕ। ਇਸ ਲਈ ਤੂੰ ਉਸ ਦਿਨ ਜ਼ਰੂਰ ਆਉਣਾ।

ਵਿਪਿਨ ਦੀ ਗੱਲ ਸੁਣ ਕੇ ਵਿਵੇਕ ਖੁਸ਼ ਹੁੰਦੇ ਹੋਏ ਬੋਲਿਆ- ਅਰੇ ਵਾਹ, ਇਹ ਤਾਂ ਬਹੁਤ ਚੰਗੀ ਗੱਲ ਹੈ। ਮੈਨੂੰ ਜਨਮਦਿਨ ਦੀ ਪਾਰਟੀ ਬਹੁਤ ਚੰਗੀ ਲੱਗਦੀ ਹੈ। ਮੈਂ ਤੇਰੇ ਜਨਮ-ਦਿਨ ਤੇ ਜ਼ਰੂਰ ਆਵਾਂਗਾ।

ਵਿਵੇਕ ਨੇ ਜਨਮਦਿਨ ਦੀ ਪਾਰਟੀ ਵਿੱਚ ਜਾਣ ਦੀ ਹਾਮੀ ਤਾਂ ਭਰ ਦਿੱਤੀ ਸੀ ਲੇਕਿਨ ਉਸ ਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਉਹ ਉਸ ਦੇ ਲਈ ਕਿਹੜਾ ਤੋਹਫਾ ਖਰੀਦੇ? ਵਿਪਿਨ ਤਾਂ ਧਨਵਾਨ ਮਾਤਾ-ਪਿਤਾ ਦਾ ਬੇਟਾ ਹੈ ਇਸ ਲਈ ਛੋਟਾ ਅਤੇ ਸਸਤਾ ਤੋਹਫਾ ਖਰੀਦ ਨਹੀਂ ਸਕਦਾ ਸੀ ਪ੍ਰੰਤੂ ਉਹ ਪਾਪਾ ਤੇ ਕੋਈ ਬੋਝ ਨਹੀਂ ਪਾਉਣਾ ਚਾਹੁੰਦਾ ਸੀ। ਇਸੇ ਗੱਲ ਨੂੰ ਸੋਚਦੇ-ਸੋਚਦੇ ਉਸ ਨੇ ਦੋ ਦਿਨ ਕੱਢ ਦਿਤੇ ਲੇਕਿਨ ਹੱਲ ਕੋਈ ਨਹੀਂ ਨਿਕਲਿਆ।

ਐਤਵਾਰ ਦੀ ਛੁੱਟੀ ਹੋਣ ਕਾਰਣ ਅੱਜ ਵਿਵੇਕ ਘਰ ਹੀ ਸੀ। ਦੁਪਹਿਰ ਨੂੰ ਮੰਮੀ ਨੇ ਉਸ ਨੂੰ ਕਿਹਾ - ਵਿਵੇਕ, ਇਹ ਲੰਚ ਬਾਕਸ ਪਾਪਾ ਜੀ ਨੂੰ ਦੁਕਾਨ ਤੇ ਦੇ ਆਉ ਅਤੇ ਜਦ ਤਕ ਪਾਪਾ ਖਾਣਾ ਨਾ ਖਾ ਲੈਣ, ਤੂੰ ਉਥੇ ਦੁਕਾਨ ਤੇ ਹੀ ਰਹਿਣਾ। ਪਾਪਾ ਜੀ ਨੂੰ ਖਾਣਾ ਖੁਆ ਕੇ ਲੰਚ ਬਾਕਸ ਵਾਪਸ ਲੈ ਆਉਣਾ।

ਮੰਮੀ ਦੀ ਗੱਲ ਸੁਣ ਕੇ ਵਿਵੇਕ ਨੇ ਲੰਚ ਬਾਕਸ ਹੱਥ ਵਿੱਚ ਫੜਿਆ ਅਤੇ ਹੌਲੀ-ਹੌਲੀ ਦੁਕਾਨ ਵੱਲ ਚਲ ਪਿਆ। ਉਸ ਦੇ ਦਿਮਾਗ ਵਿੱਚ ਹਾਲਾਂ ਵੀ ਵਿਪਿਨ ਦੇ ਜਨਮਦਿਨ ਦੇ ਤੋਹਫੇ ਦੀ ਸਮੱਸਿਆ ਘੁੰਮ ਰਹੀ ਸੀ।

ਦੁਕਾਨ ਤੇ ਪਹੁੰਚ ਕੇ ਉਸ ਨੇ ਪਾਪਾ ਜੀ ਨੂੰ ਖਾਣਾ ਖਾਣ ਲਈ ਕਿਹਾ। ਉਸ ਸਮੇਂ ਦੁਕਾਨ ਤੇ ਕੋਈ ਗਾਹਕ ਨਹੀਂ ਸੀ, ਇਸ ਲਈ ਪਾਪਾ ਜੀ ਨੇ ਲੰਚ ਬਾਕਸ ਲੈ ਕੇ ਭੋਜਨ ਕਰਨਾ ਸ਼ੁਰੂ ਕਰ ਦਿਤਾ। ਵਿਵੇਕ ਦੁਕਾਨ ਤੇ ਬੈਠਾ ਇਧਰ-ਉਧਰ ਵੇਖ ਰਿਹਾ ਸੀ। ਅਚਾਨਕ ਉਸ ਦੀ ਨਜ਼ਰ ਇਕ ਬਾਲ ਪੱਤਰਕਾ ਤੇ ਪਈ। ਉਸ ਨੇ ਜਿਗਿਆਸਾਵਸ ਉਹ ਬਾਲ ਪੱਤਰਕਾ ਉਠਾ ਲਈ। ਪੰਨੇ ਪਲਟ ਕੇ ਵੇਖੇ ਤਾਂ ਉਸ ਵਿੱਚ ਬਹੁਤ ਚੰਗੀਆਂ-ਚੰਗੀਆਂ ਕਹਾਣੀਆਂ, ਕਵਿਤਾਵਾਂ ਅਤੇ ਚਿੱਤਰਕਥਾਵਾਂ ਦੇ ਨਾਲ-ਨਾਲ ਬਹੁਤ ਸਾਰੀ ਰੋਚਕ ਸਮੱਗਰੀ ਸੀ। ਉਸ ਨੇ ਇਕ ਕਹਾਣੀ ਪੜੀ। ਕਹਾਣੀ ਪੜ ਕੇ ਉਹਨੂੰ ਬਹੁਤ ਮਜ਼ਾ ਆਇਆ। ਅਚਾਨਕ ਉਸ ਦੇ ਮਨ ਵਿੱਚ ਵਿਚਾਰ ਆਇਆ ਕਿ ਕਿਉਂ ਨਾ ਰੱਦੀ ਵਿੱਚੋਂ ਇਸ ਤਰ੍ਹਾਂ ਦੀਆਂ ਹੋਰ ਬਾਲ ਪੁਸਤਕਾਂ ਇਕੱਠੀਆਂ ਕਰਕੇ, ਉਹਨਾਂ ਨੂੰ ਸੁੰਦਰ ਪੈਕਟ ਵਿੱਚ ਪੈਕ ਕਰਕੇ ਵਿਪਿਨ ਦੇ ਜਨਮਦਿਨ ਤੇ ਤੋਹਫੇ ਵਜੋਂ ਦਿੱਤੀਆਂ ਜਾਣ। ਇਸ ਨਾਲ ਪੈਸੇ ਦੀ ਬਚਤ ਤਾਂ ਹੋਏਗੀ ਹੀ ਨਾਲ ਹੀ ਇਹਨਾਂ ਪੁਸਤਕਾਂ ਦਾ ਤੋਹਫਾ ਵਿਪਿਨ ਨੂੰ ਬਹੁਤ ਚੰਗਾ ਲੱਗੇਗਾ। ਲੇਕਿਨ ਦੂਸਰੇ ਹੀ ਪਲ ਉਸ ਨੇ ਸੋਚਿਆ - ਐਨੇ ਅਮੀਰ ਘਰ ਦੇ ਬੇਟੇ ਦੇ ਜਨਮਦਿਨ ਤੇ ਇਹ ਰੱਦੀ ਦੀਆਂ ਕਿਤਾਬਾਂ ਦਾ ਤੋਹਫਾ? ਕੀ ਸੋਚਣਗੇ ਉਸ ਦੇ ਮੰਮੀ-ਪਾਪਾ?

ਹੁਣ ਤਾਂ ਵਿਵੇਕ ਛਛੋਪੰਜ ਵਿੱਚ ਪੈ ਗਿਆ। ਉਸ ਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਉਹ ਕੀ ਕਰੇ? ਤਦੇ ਉਸ ਦੇ ਮਨ ਨੇ ਕਿਹਾ - ਵਿਪਿਨ ਤੇਰਾ ਦੋਸਤ ਹੈ ਵਿਵੇਕ! ਅਤੇ ਤੂੰ ਆਪਣੇ ਦੋਸਤ ਨੂੰ ਜਨਮਦਿਨ ਦਾ ਤੋਹਫਾ ਦੇਵੇਗਾ ਨਾ ਕਿ ਉਸ ਦੇ ਮਾਤਾ-ਪਿਤਾ ਨੂੰ। ਉਸ ਦੇ ਮਾਤਾ-ਪਿਤਾ ਕੀ ਸੋਚਣਗੇ, ਇਸ ਤੋਂ ਤੈਨੂੰ ਕੀ ਮਤਲਬ?

ਕਾਫੀ ਸੋਚ-ਵਿਚਾਰ ਕਰਨ ਦੇ ਬਾਦ ਆਖਿਰ ਉਸ ਨੇ ਆਪਣੇ ਮਨ ਦੀ ਗੱਲ ਮੰਨ ਲਈ। ਉਸ ਨੇ ਰੱਦੀ ਵਿਚੋਂ ਚੰਗੀਆਂ-ਚੰਗੀਆਂ ਦਸ ਬਾਲ ਪੱਤਰਕਾਵਾਂ ਚੁਣੀਆਂ ਅਤੇ ਉਹਨਾਂ ਨੂੰ ਵੱਖ ਕਰ ਲਿਆ। ਪਾਪਾ ਦੇ ਖਾਣਾ ਖਾ ਲੈਣ ਦੇ ਬਾਦ ਉਸ ਨੇ ਲੰਚ ਬਾਕਸ ਦੇ ਨਾਲ ਪੱਤਰਕਾਵਾਂ ਵੀ ਥੈਲੇ ਵਿੱਚ ਰੱਖੀਆਂ ਅਤੇ ਵਾਪਸ ਘਰ ਆ ਗਿਆ।

ਘਰ ਆ ਕੇ ਉਸ ਨੇ ਇਕ ਸੁੰਦਰ ਪੈਕਟ ਵਿੱਚ ਉਹਨਾਂ ਪੱਤਰਕਾਵਾਂ ਨੂੰ ਪੈਕ ਕਰਕੇ ਪਿਆਰਾ ਜਿਹਾ ਗਿਫਟ ਪੈਕ ਬਣਾ ਲਿਆ।

ਹੌਲੀ-ਹੌਲੀ ਵਿਪਿਨ ਦਾ ਜਨਮਦਿਨ ਵੀ ਆ ਗਿਆ। ਸ਼ਾਮ ਨੂੰ ਉਹ ਆਪਣਾ ਗਿਫਟ ਪੈਕ ਲੈ ਕੇ ਵਿਪਿਨ ਦੇ ਘਰ ਜਾ ਪਹੁੰਚਾ। ਉਥੇ ਬਹੁਤ ਭੀੜ ਸੀ। ਸਾਰੇ ਲੋਕ ਵਿਪਿਨ ਨੂੰ ਜਨਮਦਿਨ ਦੀ ਵਧਾਈ ਦੇ ਕੇ ਗਿਫਟ ਦੇ ਰਹੇ ਸਨ। ਵਿਵੇਕ ਹੌਲੀ ਜਿਹੀ ਵਿਪਿਨ ਦੇ ਪਿਛੇ ਪਹੁੰਚ ਕੇ ਬੋਲਿਆ - ਹੈਪੀ ਬਰਥ ਡੇ ਟੂ ਯੂ........।

ਵਿਵੇਕ ਦੀ ਆਵਾਜ਼ ਸੁਣ ਕੇ ਵਿਪਿਨ ਨੇ ਪਿਛੇ ਮੁੜ ਕੇ ਵੇਖਿਆ। ਵਿਵੇਕ ਨੂੰ ਵੇਖ ਕੇ ਉਹ ਉਸ ਦੇ ਗਲੇ ਮਿਲ ਕੇ ਬੋਲਿਆ - 'ਥੈਂਕਯੂ ਵਿਵੇਕ।' ਫਿਰ ਵਿਵੇਕ ਨੇ ਆਪਣਾ ਗਿਫਟ ਪੈਕ ਉਸ ਵੱਲ ਵਧਾਉਂਦੇ ਹੋਏ ਕਿਹਾ - ਇਹ ਛੋਟਾ ਜਿਹਾ ਤੋਹਫਾ ਮੇਰੇ ਸਭ ਤੋਂ ਪਿਆਰੇ ਦੋਸਤ ਲਈ।

ਵਿਪਿਨ ਨੇ ਜਦ ਉਸ ਦਾ ਗਿਫਟ ਵੇਖਿਆ ਤਾਂ ਉਸ ਦੇ ਚਿਹਰੇ ਤੇ ਉਦਾਸੀ ਛਾ ਗਈ। ਉਸ ਨੇ ਵਿਵੇਕ ਨੂੰ



ਕਿਹਾ- ਮੈਂ ਆਪਣਾ ਜਨਮਦਿਨ ਇਸ ਲਈ ਨਹੀਂ ਮਨਾਇਆ ਹੈ ਕਿ ਮੈਨੂੰ ਢੇਰ ਸਾਰੇ ਗਿਫਟ ਮਿਲਣ। ਮੈਂ ਤਾਂ ਇਹ ਚਾਹੁੰਦਾ ਸੀ ਕਿ ਇਸੇ ਬਹਾਨੇ ਸਾਰੇ ਮਿੱਤਰ ਇਕੱਠੇ ਸਾਡੇ ਘਰ ਆ ਕੇ ਸਾਡੇ ਨਾਲ ਖਾਣਾ ਖਾਣ, ਨੱਚਣ, ਗਾਉਣ ਅਤੇ ਮੌਜ-ਮਸਤੀ ਕਰਨ, ਲੇਕਿਨ ਤੂੰ ਵੀ ਗਿਫਟ ਤੇ ਬੇਲੋੜਾ ਖਰਚ ਕਰ ਦਿੱਤਾ।

ਉਸ ਦੀ ਗੱਲ ਸੁਣ ਕੇ ਵਿਵੇਕ ਨੇ ਕਿਹਾ - ਮੈਂ ਜਾਣਦਾ ਹਾਂ ਕਿ ਮੇਰਾ ਦੋਸਤ ਪਿਆਰ ਦਾ ਭੁੱਖਾ ਹੈ, ਗਿਫਟ ਦਾ ਨਹੀਂ। ਮੈਂ ਅੱਜ ਜੋ ਗਿਫਟ ਆਪਣੇ ਪਿਆਰੇ ਦੋਸਤ ਲਈ ਲਿਆਇਆ ਹਾਂ। ਉਸ ਵਿੱਚ ਮੈਂ ਕਿਸੇ ਵੀ ਪ੍ਰਕਾਰ ਦਾ ਕੁਝ ਵੀ ਖਰਚ ਨਹੀਂ ਕੀਤਾ ਹੈ। ਇਹ ਕਹਿ ਕੇ ਉਸ ਨੇ ਸਾਰੀ ਗੱਲ ਵਿਪਿਨ ਨੂੰ ਦੱਸ ਦਿੱਤੀ।

ਸਾਰੀ ਘਟਨਾ ਸੁਣ ਕੇ ਵਿਪਿਨ ਖੁਸ਼ੀ ਨਾਲ ਉਛਲ ਪਿਆ। ਉਸ ਨੇ ਕਿਹਾ - ਮੈਂ ਆਪਣੇ ਦੋਸਤ ਤੇ ਐਵੇਂ ਹੀ ਮਾਣ ਨਹੀਂ ਕਰਦਾ ਹਾਂ। ਮੇਰਾ ਦੋਸਤ ਹੈ ਹੀ ਲੱਖਾਂ ਵਿਚੋਂ ਇਕ ਅਤੇ ਅੱਜ ਮੇਰੇ ਜਨਮਦਿਨ ਤੇ ਉਸਦਾ ਇਹ ਗਿਫਟ ਵੀ ਬਹੁਤ ਕੀਮਤੀ ਹੈ। ਇਹ ਕਹਿ ਕੇ ਉਸ ਨੇ ਵਿਵੇਕ ਦੇ ਹੱਥੋਂ ਗਿਫਟ ਲੈ ਕੇ ਉਸ ਨੂੰ ਤੁਰੰਤ ਖੋਲ੍ਹ ਦਿੱਤਾ। ਪਿਆਰੀਆਂ-ਪਿਆਰੀਆਂ ਬਾਲ ਪੱਤਰਕਾਵਾਂ ਪ੍ਰਾਪਤ ਕਰਕੇ ਉਹ ਖੁਸ਼ੀ ਨਾਲ ਝੂੰਮ ਉਠਿਆ। ਉਸ ਨੇ ਕਿਹਾ - ਮੇਰੇ ਜਨਮਦਿਨ ਤੇ ਜਿੰਨੇ ਵੀ ਗਿਫਟ ਆਏ ਹਨ ਉਹਨਾਂ ਵਿਚੋਂ ਸਭ ਤੋਂ ਵਧੀਆ ਇਹ ਪੁਸਤਕਾਂ ਹਨ। ਸਚਮੁਚ ਪੁਸਤਕਾਂ ਤੋਂ ਚੰਗਾ ਹੋਰ ਕੋਈ ਤੋਹਫਾ ਨਹੀਂ ਹੋ ਸਕਦਾ।

ਕੋਲ ਖੜੇ ਵਿਪਿਨ ਦੇ ਪਾਪਾ ਉਹਨਾਂ ਦੋਹਾਂ ਦੀਆਂ ਗੱਲਾਂ ਸੁਣ ਰਹੇ ਸਨ। ਉਹਨਾਂ ਨੂੰ ਵੀ ਵਿਵੇਕ ਦਾ ਇਹ ਅਨੋਖਾ ਤੋਹਫਾ ਬਹੁਤ ਪਿਆਰਾ ਲੱਗਾ। ਉਹਨਾਂ ਨੇ ਵਿਵੇਕ ਦੀ ਪਿੱਠ ਥਪਥਪਾਉਂਦੇ ਹੋਏ ਕਿਹਾ- ਬੇਟੇ, ਸਚਮੁਚ ਤੇਰਾ ਇਹ ਤੋਹਫਾ ਸਾਰੇ ਤੋਹਫਿਆਂ ਤੋਂ ਚੰਗਾ ਹੈ। ਮੈਂ ਇਹਨਾਂ ਸਾਰੀਆਂ ਪੱਤਰਕਾਵਾਂ ਦੇ ਪਤੇ ਤੇ ਇਹਨਾਂ ਦਾ ਵਾਰਸ਼ਿਕ ਚੰਦਾ ਸ਼ੁਲਕ ਕਲ ਹੀ ਭੇਜ ਦੇਵਾਂਗਾ ਤਾਂਕਿ ਤੇਰਾ ਇਹ ਤੋਹਫਾ ਸਾਲ ਭਰ ਤਰੋਤਾਜਾ ਰਹੇ।

ਪਾਪਾ ਦੀ ਗੱਲ ਸੁਣ ਕੇ ਵਿਪਿਨ ਅਤੇ ਵਿਵੇਕ ਦੇ ਦੋਹਾਂ ਦੇ ਚਿਹਰੇ ਖੁਸ਼ੀ ਨਾਲ ਖਿੜ ਉਠੇ।

ਪ੍ਰੇਰਕ ਲੇਖ : ਰੂਪਾ ਰਾਣੀ

# ਕ੍ਰਾਂਤੀਕਾਰੀ ਦੇਸ਼ ਭਗਤ

# ਬਾਬੂ ਕੁੰਵਰ ਸਿੰਘ



ਇਕ ਵੀਰ ਯੋਧਾ ਸਨ। ਉਹਨਾਂ ਦਾ ਨਾਂ ਬਾਬੂ ਕੁੰਵਰ ਸਿੰਘ ਸੀ। ਜਿਸ ਤਰ੍ਹਾਂ ਰਾਣੀ ਲਕਸ਼ਮੀ ਬਾਈ ਨੇ ਆਜ਼ਾਦੀ ਲਈ ਹੱਸਦੇ-ਹੱਸਦੇ ਪ੍ਰਾਣਾਂ ਦੀ ਆਹੂਤੀ ਦਿੱਤੀ। ਉਸੇ ਤਰ੍ਹਾਂ ਬਾਬੂ ਕੁੰਵਰ ਸਿੰਘ ਨੇ ਵੀ ਗੁਲਾਮੀ ਦੀਆਂ ਜ਼ੰਜ਼ੀਰਾਂ ਕੱਟਣ ਲਈ ਬਲੀਦਾਨ ਦਿੱਤਾ। ਉਹ ਸਾਡੀ ਆਜ਼ਾਦੀ ਦੀ ਲੜਾਈ ਦੀ ਪਿਛੋਕੜ ਭੂਮੀ ਹੈ।

ਸ਼ਾਹਬਜਾਦਾ ਸਿੰਘ ਇਹਨਾਂ ਦੇ ਪਿਤਾ ਸਨ। ਸਾਹਬਜਾਦਾ ਸਿੰਘ ਦੇ ਚਾਰ ਪੁੱਤਰ ਸਨ। ਉਹਨਾਂ ਚਾਰਾਂ ਭਰਾਵਾਂ ਵਿਚੋਂ ਬਾਬੂ ਕੁੰਵਰ ਸਿੰਘ ਬਹੁਤ ਹੀ ਹੋਣਹਾਰ, ਵੀਰ, ਮਿਹਨਤੀ ਅਤੇ ਆਪਣੇ ਇਰਾਦਿਆਂ ਦੇ ਪੱਕੇ ਸਨ। ਅੰਗ੍ਰੇਜ਼ੀ ਸਰਕਾਰ ਦੀਆਂ ਨੀਤੀਆਂ ਦੇ ਕਾਰਣ 1857 ਈ: ਵਿਚ ਉਹਨਾਂ ਦੇ ਵਿਰੁੱਧ ਵਿਦਰੋਹ ਦੀ ਚਿੰਗਾਰੀ ਭੜਕ ਉਠੀ। ਵੇਖਦੇ-ਵੇਖਦੇ ਇਸ ਵਿਦਰੋਹ ਵਿੱਚ ਇਕ-ਇਕ ਕਰਕੇ ਛੋਟੇ-ਵੱਡੇ ਰਾਜੇ-ਮਹਾਰਾਜੇ ਸ਼ਾਮਿਲ ਹੋਣ ਲੱਗੇ। ਚਾਰੇ ਪਾਸੇ ਦੇਸ਼ ਵਿੱਚ ਕ੍ਰਾਂਤੀ ਦਾ ਮਾਹੌਲ ਛਾ ਗਿਆ। ਅੰਗ੍ਰੇਜ਼ਾਂ ਦੇ ਪ੍ਰਤੀ ਇਥੋਂ ਦੇ ਨਿਵਾਸੀਆਂ ਵਿੱਚ ਘ੍ਰਿਣਾ ਪੈਦਾ ਹੋ ਗਈ ਅਤੇ ਇਹ ਘ੍ਰਿਣਾ ਹੀ ਵਿਦਰੋਹ ਦਾ ਕਾਰਣ ਬਣੀ।

ਉਸ ਸਮੇਂ ਦੇਸ਼ ਛੋਟੀਆਂ-ਛੋਟੀਆਂ ਰਿਆਸਤਾਂ ਵਿੱਚ ਵੰਡਿਆਂ ਹੋਇਆ ਸੀ ਅਤੇ ਰਿਆਸਤਾਂ ਦੇ ਛੋਟੇ-ਛੋਟੇ ਰਜਵਾੜੇ ਵੀ ਗੁਲਾਮੀ ਤੋਂ ਮੁਕਤੀ ਦੀ ਲੜਾਈ ਵਿੱਚ ਕੁੱਦ ਪਏ। ਵਿਦਰੋਹ ਦਿੱਲੀ, ਬਰੇਲੀ, ਕਾਨਪੁਰ, ਲਖਨਊ ਹੁੰਦੇ ਹੋਏ ਆਰਾ ਵਿੱਚ ਪਹੁੰਚਿਆਂ। ਆਰਾ ਦੇ ਕੋਲ ਜਗਦੀਸ਼ਪੁਰ ਵਿੱਚ ਕੁੰਵਰ ਸਿੰਘ ਜਮੀਦਾਰ ਸਨ। ਭਾਵੇਂ ਇਹ 80 ਸਾਲ ਦੇ ਹੋ ਗਏ ਸਨ। ਇਹਨਾਂ ਨੇ ਆਪਣੇ ਸਾਥੀਆਂ ਨੂੰ ਕਿਹਾ- ਵੀਰੋ ਹਾਲਾਂ ਭਾਰਤ ਮਾਂ ਨੂੰ ਸਾਡੀ ਲੋੜ ਹੈ। ਜਦ ਮਾਂ ਹੀ ਗੁਲਾਮ ਰਹੇ ਤਦ ਬੇਟਾ ਸੁਖੀ ਕਿਵੇਂ ਰਹਿ ਸਕਦਾ ਹੈ। ਆਉ! ਵੀਰੋ ਆਜ਼ਾਦੀ ਸੰਗਰਾਮ ਵਿਚ ਜਾਨ ਦੀ ਪ੍ਰਵਾਹ ਕੀਤੇ ਬਿਨਾ ਕੁੱਦ ਪਈਏ।

ਗੁਲਾਮੀ ਦੇ ਕਾਰਣ ਇਹਨਾਂ ਦਾ ਦਿਮਾਗ ਅੰਗ੍ਰੇਜ਼ਾਂ ਦੇ ਪ੍ਰਤੀ ਘ੍ਰਿਣਾ ਨਾਲ ਭਰਿਆ ਹੋਇਆ ਸੀ। ਉਹ ਆਪਣੇ ਸਾਥੀਆਂ ਦੇ ਨਾਲ ਅੰਗ੍ਰੇਜ਼ਾਂ ਦੀਆਂ ਬੈਰਕਾਂ ਤੇ ਟੁੱਟ ਪਏ। ਬਿਹਾਰ ਵਿਚ ਆਪਣੇ ਸਾਥੀਆਂ ਨਾਲ ਅੰਗ੍ਰੇਜ਼ਾਂ ਦੀ ਇਹਨਾਂ ਨੇ ਤਬਾਹੀ ਮਚਾ ਦਿੱਤੀ। ਇਹਨਾਂ ਨੂੰ ਵੀਰਤਾ ਨਾਲ ਲੜਦੇ ਵੇਖ ਕੇ ਨੌਜਵਾਨ ਵੀ ਅਗੇ ਆਏ ਅਤੇ ਉਹ ਵੀ ਅੰਗ੍ਰੇਜ਼ਾਂ ਨਾਲ ਮੁਕਾਬਲਾ ਕਰਨ ਲੱਗੇ।

ਅੰਗ੍ਰੇਜ਼ਾਂ ਨੂੰ ਬਿਹਾਰ ਵਿਚੋਂ ਚਾਰੇ ਪਾਸਿਉਂ ਖਦੇੜ ਕੇ ਇਹ ਉਤਰਪ੍ਰਦੇਸ਼ ਵੱਲ ਨਿਕਲ ਪਏ। ਆਜਮਗੜ੍ਹ ਵਿਚ ਅੰਗ੍ਰੇਜ਼ ਅਤੇ ਕੁੰਵਰ ਸਿੰਘ ਦੇ ਵਿਚਕਾਰ ਭਿਅੰਕਰ ਯੁੱਧ ਹੋਇਆ। ਅੰਗ੍ਰੇਜ਼ ਸੈਨਿਕਾਂ ਨੂੰ ਇਹਨਾਂ ਨੇ ਗਾਜਰ-ਮੂਲੀ ਦੀ ਤਰ੍ਹਾਂ ਕੱਟ ਦਿੱਤਾ। ਅੰਗ੍ਰੇਜ਼ ਗਵਰਨਰ ਨੇ ਕਿਸੀ ਵੀ ਹਾਲਤ ਵਿਚ ਕੁੰਵਰ ਸਿੰਘ ਨੂੰ ਮਾਰਨ ਦਾ ਆਦੇਸ਼ ਦਿੱਤਾ। ਅੰਗ੍ਰੇਜ਼ਾਂ ਨੇ ਲੁਕ-ਲੁਕ ਕੇ ਇਹਨਾਂ ਤੇ ਨਜ਼ਰ ਰੱਖਣੀ ਸ਼ੁਰੂ ਕੀਤੀ।

ਇਹਨਾਂ ਦੇ ਅਨੇਕ ਸਾਥੀ ਮਾਰੇ ਜਾ ਚੁੱਕੇ ਸਨ। ਇਕ ਵਾਰ ਅੰਗ੍ਰੇਜ਼ ਲੁਕ ਕੇ ਇਹਨਾਂ ਦਾ ਪਿਛਾ ਕਰ ਰਹੇ ਸਨ। ਇਸ ਗੱਲ ਦਾ ਇਹਨਾਂ ਨੂੰ ਪਤਾ ਨਹੀਂ ਸੀ। ਇਹ ਬੇਫਿਕਰ ਹੋ ਕੇ ਕਿਸ਼ਤੀ ਰਾਹੀਂ ਗੰਗਾ ਪਾਰ ਕਰ ਰਹੇ ਸਨ। ਤਦੇ ਅੰਗ੍ਰੇਜ਼ ਸੈਨਿਕ ਆ ਗਏ ਅਤੇ ਕੁੰਵਰ ਸਿੰਘ ਤੇ ਗੋਲੀ ਚਲਾਉਣ ਲੱਗੇ। ਗੋਲੀ ਇਹਨਾਂ ਦੀ ਬਾਂਹ ਤੇ ਲਗ ਗਈ ਸੀ। ਉਸ ਸਮੇਂ ਤਾਂ ਉਹ ਉਥੋਂ ਬਚ ਨਿਕਲੇ ਲੇਕਿਨ ਗੋਲੀ ਦੇ ਜ਼ਹਿਰ ਤੋਂ ਮੁਕਤ ਨਹੀਂ ਹੋ ਸਕੇ ਅਤੇ ਜਗਦੀਸ਼ਪੁਰ ਵਿਚ ਆ ਕੇ 26 ਅਪ੍ਰੈਲ 1858 ਨੂੰ ਦਮ ਤੋੜ ਦਿੱਤਾ।

ਬਾਬੂ ਕੁੰਵਰ ਸਿੰਘ ਅੱਸੀ ਸਾਲ ਦੀ ਉਮਰ ਵਿਚ ਵੀ ਅੰਗ੍ਰੇਜ਼ਾਂ ਨਾਲ ਲੜਦੇ ਰਹੇ ਅਤੇ ਵੀਰਗਤੀ ਨੂੰ ਪ੍ਰਾਪਤ ਹੋਏ। ਇਹ ਭਾਰਤ ਨੂੰ ਆਜ਼ਾਦ ਤਾਂ ਨਹੀਂ ਕਰਾ ਸਕੇ ਪ੍ਰੰਤੂ 80 ਸਾਲ ਦੀ ਉਮਰ ਵਿਚ ਜੋ ਬਹਾਦਰੀ ਇਹਨਾਂ ਨੇ ਦਿਖਾਈ ਉਸ ਨੂੰ ਇਤਿਹਾਸ ਨਹੀਂ ਭੁਲਾ ਸਕੇਗਾ। ਆਉਣ ਵਾਲੀਆਂ ਪੀੜੀਆਂ ਦੇ ਲਈ ਇਹ ਬਹਾਦਰੀ ਦੇ ਪ੍ਰੇਰਣਾ-ਸਰੋਤ ਬਣ ਗਏ। ਬਾਬੂ ਕੁੰਵਰ ਸਿੰਘ ਦੇ ਕੋਲ ਕੋਈ ਵੱਡੀ ਸੈਨਾ ਨਹੀਂ ਸੀ ਪ੍ਰੰਤੂ ਉਹਨਾਂ ਦੀ ਅਗਵਾਈ ਹੇਠ ਸੈਨਿਕਾਂ ਅੰਦਰ ਦੇਸ਼ ਪ੍ਰੇਮ, ਪ੍ਰਾਣ-ਆਹੂਤੀ ਦੇਣ ਦੀ ਉਮੰਗ ਕਾਇਮ ਹੋ ਗਈ ਅਤੇ ਅੱਜ ਸਾਡੀ ਭਾਰਤ ਮਾਤਾ ਗੁਲਾਮੀ ਰੂਪੀ ਜੰਜ਼ੀਰਾਂ ਤੋਂ ਮੁਕਤ ਅਤੇ ਆਜ਼ਾਦ ਹੈ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

ਪ੍ਰਸ਼ਨ : ਜ਼ਿਆਦਾ ਉਚਾਈ ਤੇ ਉਡਦੇ ਹੋਏ ਪੰਛੀਆਂ ਦਾ ਪਰਛਾਵਾਂ ਪ੍ਰਿਥਵੀ ਤੇ ਕਿਉਂ ਨਹੀਂ ਪੈਂਦਾ?

ਉੱਤਰ : ਸੂਰਜ ਪ੍ਰਕਾਸ਼ ਦਾ ਬਹੁਤ ਵੱਡਾ ਸਰੋਤ ਹੈ ਜਦਕਿ ਪੰਛੀ ਬਹੁਤ ਛੋਟੇ ਹੁੰਦੇ ਹਨ। ਪੰਛੀਆਂ ਦੀ ਘਟਦੀ ਹੋਈ ਛਾਇਆ ਅਤੇ ਵਧਦੀ ਹੋਈ ਉਪਛਾਇਆ ਬਣਦੀ ਹੈ। ਪੰਛੀਆਂ ਦੇ ਪ੍ਰਿਥਵੀ ਤੋਂ ਜ਼ਿਆਦਾ ਉਚਾਈ ਤੇ ਉਡਣ ਦੇ ਕਾਰਣ ਛਾਇਆ ਘਟ ਕੇ ਰਾਹ ਵਿੱਚ ਹੀ ਗਵਾਚ ਜਾਂਦੀ ਹੈ। ਉਪਛਾਇਆ ਅਧਿਕ ਵੱਡੀ ਲੇਕਿਨ ਹਲਕੀ ਹੋਣ ਦੇ ਕਾਰਣ ਦਿਖਾਈ ਨਹੀਂ ਪੈਂਦੀ। ਬਸ, ਇਹੀ ਕਾਰਣ ਹੈ ਕਿ ਜ਼ਿਆਦਾ ਉਚਾਈ ਤੇ ਉਡਦੇ ਹੋਏ ਪੰਛੀਆਂ ਦਾ ਪ੍ਰਛਾਵਾਂ ਪ੍ਰਿਥਵੀ ਤੇ ਨਹੀਂ ਪੈਂਦਾ।

ਪ੍ਰਸ਼ਨ : ਬਿਜਲੀ ਦੇ ਬਲਬਾਂ ਵਿੱਚ ਪਤਲਾ ਤਾਰ ਕਿਉਂ ਇਸਤੇਮਾਲ ਹੁੰਦਾ ਹੈ?

ਉੱਤਰ : ਚਾਲਕ ਦਾ ਉਹ ਗੁਣ ਜਿਸ ਦੇ ਦੁਆਰਾ ਬਿਜਲੀ ਧਾਰਾ ਦੇ ਪ੍ਰਵਾਹ ਦਾ ਵਿਰੋਧ ਕੀਤਾ ਜਾਂਦਾ ਹੈ, ਪ੍ਰਤੀਰੋਧ ਕਹਿਲਾਂਦਾ ਹੈ। ਪਤਲੇ ਤਾਰ ਦਾ ਪ੍ਰਤਿਰੋਧ ਜ਼ਿਆਦਾ ਹੁੰਦਾ ਹੈ ਜਦਕਿ ਮੋਟੇ ਤਾਰ ਦਾ ਘੱਟ। ਅੰਤ : ਬਿਜਲੀ ਦੇ ਬਲਬਾਂ ਵਿੱਚ ਪਤਲਾ ਤਾਰ ਹੀ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ।

ਪ੍ਰਸ਼ਨ : ਵਰਖਾ ਦੀਆਂ ਬੂੰਦਾਂ ਗੋਲ ਕਿਉਂ ਹੁੰਦੀਆਂ ਹਨ?

ਉੱਤਰ : ਪਾਣੀ ਦੀ ਰਚਨਾ ਛੋਟੇ-ਛੋਟੇ ਅਣੂਆਂ ਨਾਲ ਮਿਲ ਕੇ ਹੁੰਦੀ ਹੈ। ਇਹ ਅਣੂ ਪਰਸਪਰ ਇਕ-ਦੂਸਰੇ ਨੂੰ ਆਕਰਸ਼ਿਤ ਵੀ ਕਰਦੇ ਹਨ। ਇਸੇ ਆਕਰਸ਼ਣ ਦੇ ਕਾਰਣ ਪਾਣੀ ਸਿਕੁੜਦਾ ਹੈ ਅਤੇ ਸਥਾਨ ਵੀ ਘੱਟ ਘੇਰਦਾ ਹੈ। ਪ੍ਰਿਥਵੀ ਦੀ ਭੂਮੀ-ਖਿੱਚਣ ਸ਼ਕਤੀ ਦੇ ਕਾਰਣ ਹੀ ਬੂੰਦਾਂ ਹੇਠਾਂ ਡਿਗਦੀਆਂ ਹਨ ਪ੍ਰੰਤੂ ਪਾਣੀ ਦੇ ਅਣੂ ਪਿਛੋਕੜ ਤਨਾਵ ਦੁਆਰਾ ਪਰਸਪਰ ਇੱਕਠੇ ਹੁੰਦੇ ਹਨ। ਇਸੇ ਵਜ੍ਹਾ ਨਾਲ ਬੂੰਦਾਂ ਗੋਲ ਆਕਾਰ ਲੈ ਲੈਂਦੀਆਂ ਹਨ।

ਪ੍ਰਸ਼ਨ: ਸਾਈਕਲ ਦੇ ਟਾਇਰ ਖੁਰਦਰੇ ਕਿਉਂ ਹੁੰਦੇ ਹਨ?

ਉੱਤਰ : ਜਦ ਇਕ ਤਲ ਦੂਸਰੇ ਤਲ ਤੇ ਗਤੀ ਕਰਦਾ ਹੈ ਤਾਂ ਉਸ ਗਤੀ ਦਾ ਵਿਰੋਧਕ-ਬਲ ਉਤਪੰਨ ਹੋ ਜਾਂਦਾ ਹੈ ਜਿਸ ਨੂੰ ਰਗੜ-ਬਲ ਕਹਿੰਦੇ ਹਨ। ਰਗੜ-ਬਲ ਜਿੰਨਾ ਜ਼ਿਆਦਾ ਹੁੰਦਾ ਹੈ, ਵਸਤੂ ਓਨੀ ਹੀ ਸਰਲਤਾ ਨਾਲ ਗਤੀ ਕਰ ਸਕਦੀ ਹੈ। ਸਾਈਕਲ ਦੇ ਟਾਇਰ ਇਸ ਲਈ ਖੁਰਦਰੇ ਬਣਾਏ ਜਾਂਦੇ ਹਨ ਤਾਂਕਿ ਰਗੜ-ਬਲ ਜ਼ਿਆਦਾ ਰਹੇ ਅਤੇ ਸਾਈਕਲ ਸਹੂਲਤ-ਪੂਰਵਕ ਢੰਗ ਨਾਲ ਚਲੇ। ਖੁਦਰੇ ਤਲ ਤੇ ਰਗੜ ਸਮਤਲ ਦੀ ਬਜਾਏ ਜ਼ਿਆਦਾ ਰਹਿੰਦਾ ਹੈ।

ਪ੍ਰਸ਼ਨ : ਰੇਗਿਸਤਾਨ ਵਿੱਚ ਦਿਲ ਦੇ ਸਮੇਂ ਗਰਮੀ ਅਤੇ ਰਾਤ ਨੂੰ ਠੰਡ ਕਿਉਂ ਹੁੰਦੀ ਹੈ?

ਉੱਤਰ : ਰੇਗਿਸਤਾਨ ਵਿੱਚ ਰੇਤ ਦੀ ਅਧਿਕਤਾ ਰਹਿੰਦੀ ਹੈ। ਰੇਤ ਗਰਮੀ ਦਾ ਚੰਗਾ ਗ੍ਰਹਿਣ-ਪਾਤਰ ਹੈ। ਦਿਲ ਦੇ ਸਮੇਂ ਸੂਰਜ ਦੀ ਗਰਮੀ ਨੂੰ ਗ੍ਰਹਿਣ ਕਰਕੇ ਰੇਗਿਸਤਾਨ ਗਰਮ ਹੋ ਜਾਂਦੇ ਹਨ ਅਤੇ ਉਥੇ ਗਰਮੀ ਰਹਿੰਦੀ ਹੈ। ਰੇਗਿਸਤਾਨ ਵਿੱਚ ਰੇਤ ਆਪਣੀ ਗਰਮੀ ਨੂੰ ਕੱਢ ਕੇ ਰਾਤ ਵਿੱਚ ਠੰਡੀ ਹੋ ਜਾਂਦੀ ਹੈ ਜਿਸ ਨਾਲ ਰਾਤ ਨੂੰ ਉਥੇ ਠੰਡ ਰਹਿੰਦੀ ਹੈ। ❑

❐ ਸੁਰਜੀਤ 'ਦੇਵਲ'

# ਸੋਹਣੀਏ ਰੱਖੜੀਏ


ਸੋਹਣੀਏ ਰੱਖੜੀਏ,
ਨੀ ਸੋਹਣੀਏ ਰੱਖੜੀਏ।

ਰੱਖੜੀਏ –
ਆਇਆ ਤਿਉਹਾਰ ਪਵਿੱਤਰ।
ਗੁੰਦਿਆ ਤੇਰੇ 'ਚ ਪਿਆਰ ਪਵਿੱਤਰ।
ਤੇਰੀ ਬੜੀ ਨੁਹਾਰ ਪਵਿੱਤਰ।
ਸੋਹਣੀਏ ਰੱਖੜੀਏ, ਨੀ ਸੋਹਣੀਏ ...

ਰੱਖੜੀਏ –
ਵੀਰ ਦੇ ਗੁੱਟ ਤੇ ਬੰਨ੍ਹਾਂ।
ਤੇਰਾ ਚਮਕਾਰਾ ਵੰਨ ਸਵੰਨਾ।
ਵੇਖ ਕੇ ਸੂਰਜ ਹੋ ਜਾਏ ਅੰਨਾ।
ਸੋਹਣੀਏ ਰੱਖੜੀਏ, ਨੀ ਸੋਹਣੀਏ ...

ਰੱਖੜੀਏ –
ਵਾਰੀ ਵੀਰ ਤੋਂ ਜਾਵਾਂ।
ਮਿੱਠਾ ਵੀਰ ਦਾ ਮੂੰਹ ਕਰਾਵਾਂ।
ਉਹਦੀ ਹਰਦਮ ਸੁੱਖ ਮਨਾਵਾਂ।
ਸੋਹਣੀਏ ਰੱਖੜੀਏ, ਨੀ ਸੋਹਣੀਏ ...

ਰੱਖੜੀਏ –
ਰੱਬ ਭਾਗ ਵੀਰ ਨੂੰ ਲਾਵੇ।
ਮੇਰੇ ਸਿਰ ਤੇ ਹੱਥ ਟਿਕਾਵੇ।
'ਦੇਵਲ' ਭੈਣ ਦੇ ਬੋਲ ਪੁਗਾਵੇ।
ਸੋਹਣੀਏ ਰੱਖੜੀਏ, ਨੀ ਸੋਹਣੀਏ...





❐ ਸ਼ਿਵਚਰਣ

# ਝਾਂਸੀ ਦੀ ਰਾਣੀ ਲਕਸ਼ਮੀਬਾਈ

ਬੱਚਿਓ, ਤੁਸੀਂ

ਖੂਬ ਲੜੀ ਮਰਦਾਨੀ,
ਉਹ ਤਾਂ ਝਾਂਸੀ ਵਾਲੀ ਰਾਣੀ ਸੀ।

ਕਵਿਤਾ ਤਾਂ ਜ਼ਰੂਰ ਪੜੀ-ਸੁਣੀ ਹੋਵੇਗੀ! ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਜਿਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ ਉਹਨਾਂ ਵਿਚੋਂ ਰਾਣੀ ਲਕਸ਼ਮੀ ਬਾਈ ਨੇ ਅੰਗ੍ਰੇਜ਼ੀ ਫੌਜ ਨਾਲ ਲੜਦੇ ਹੋਏ ਵੀਰਗਤੀ ਪਾਈ ਸੀ। ਇਕ ਨਾਰੀ ਹੋ ਕੇ ਉਹਨਾਂ ਨੇ ਜੋ ਸਾਹਸ ਵਿਖਾਇਆ, ਉਹ ਅਦਭੁਤ ਹੈ ਅਤੇ ਇਸ ਦੇ ਕਾਰਣ ਉਹਨਾਂ ਦਾ ਨਾਮ ਇਤਿਹਾਸ ਵਿੱਚ ਅਮਰ ਹੈ।

ਬੱਚਿਉ, ਰਾਣੀ ਲਕਸ਼ਮੀਬਾਈ ਦਾ ਬਚਪਨ ਦਾ ਨਾਮ ਮਨੂ ਸੀ। ਉਹਨਾਂ ਦਾ ਜਨਮ 19 ਨਵੰਬਰ, ਸੰਨ 1835 ਨੂੰ ਬਨਾਰਸ ਵਿੱਚ ਹੋਇਆ। ਇਹਨਾਂ ਦੇ ਪਿਤਾ ਦਾ ਨਾਮ ਮੋਰੋਪੰਤ ਅਤੇ ਮਾਂ ਦਾ ਨਾਮ ਭਾਗੀਰਥੀ ਬਾਈ ਸੀ। ਮਨੂ ਜਦ ਕੇਵਲ ਚਾਰ ਸਾਲ ਦੀ ਸੀ ਤਦ ਮਾਂ ਦੀ ਮੌਤ ਹੋ ਗਈ। ਪਿਤਾ ਮੋਰੋਪੰਤ, ਮਨੂ ਨੂੰ ਲੈ ਕੇ ਪੇਸ਼ਵਾ ਬਾਜੀਰਾਵ ਦੂਸਰੇ ਦੇ ਕੋਲ ਬਿਠੂਰ ਆ ਗਏ। ਬਾਜੀਰਾਵ ਨੂੰ ਅੰਗ੍ਰੇਜ਼ਾਂ ਨੇ ਕਾਨਪੁਰ ਦੇ ਕੋਲ ਬਿਠੂਰ ਦੀ ਰਿਆਸਤ ਦਿੱਤੀ ਸੀ। ਬਾਜੀਰਾਵ, ਮਨੂ ਨੂੰ ਛਬੀਲੀ ਕਹਿ ਕੇ ਪੁਕਾਰਦੇ ਸਨ। ਬਾਜੀਰਾਵ ਦੇ ਕੋਈ ਸੰਤਾਨ ਨਹੀਂ ਸੀ। ਇਸ ਲਈ ਉਹਨਾਂ ਨੇ ਨਾਨਾ ਸਾਹਿਬ ਨੂੰ ਗੋਦ ਲੈ ਰੱਖਿਆ ਸੀ। ਬੱਚਿਓ! ਮਨੂ ਨਾਨਾ ਸਾਹਿਬ ਦੇ ਨਾਲ ਖੇਡਣ ਲੱਗੀ। ਨਾਨਾ ਸਾਹਿਬ ਦੇ ਨਾਲ ਉਹਨਾਂ ਨੇ ਤੀਰ, ਤਲਵਾਰ, ਬੰਦੂਕ ਚਲਾਉਣਾ ਸਿਖਿਆ ਅਤੇ ਘੋੜਸਵਾਰੀ ਵਿੱਚ ਵੀ ਮਹਾਰਤ ਹਾਸਿਲ ਕਰ ਲਈ।

ਇਕ ਵਾਰ ਨਾਨਾ ਸਾਹਿਬ ਅਤੇ ਮਨੂ ਵਿੱਚ ਘੋੜਦੌੜ ਹੋਈ। ਨਾਨਾ, ਪਿਛੇ ਰਹਿ ਗਏ ਤਾਂ ਉਹਨਾਂ

ਨੇ ਆਪਣੇ ਘੋੜੇ ਨੂੰ ਅੱਡੀ ਲਗਾਈ। ਘੋੜਾ ਠੋਕਰ ਖਾ ਕੇ ਲੜਖੜਾਇਆ ਅਤੇ ਨਾਨਾ ਹੇਠਾਂ ਡਿਗ ਪਏ। ਜ਼ਖਮੀ ਨਾਨਾ ਨੂੰ ਮਨੂ ਆਪਣੇ ਘੋੜੇ ਤੇ ਬੈਠਾ ਕੇ ਲਿਆਈ। ਸਾਰਿਆਂ ਨੇ ਮਨੂ ਦੇ ਹੌਸਲੇ ਅਤੇ ਸਾਹਸ ਦੀ ਪ੍ਰਸੰਸਾ ਕੀਤੀ।

ਮਨੂ ਜਦ ਥੋੜੀ ਵੱਡੀ ਹੋਈ ਤਾਂ ਉਹਨਾਂ ਦਾ ਵਿਆਹ ਝਾਂਸੀ ਦੇ ਰਾਜਾ ਗੰਗਾਧਰ ਰਾਵ ਨਾਲ ਕਰ ਦਿਤਾ ਗਿਆ। ਹੁਣ ਮਨੂ ਲਕਸ਼ਮੀਬਾਈ ਬਣ ਗਈ ਅਤੇ ਝਾਂਸੀ ਦੀ ਰਾਣੀ ਕਹੀ ਜਾਣ ਲਗੀ। ਪਰ ਲਕਸ਼ਮੀਬਾਈ ਮਹਿਲ ਵਿੱਚ ਰਾਣੀਆਂ ਦੀ ਤਰ੍ਹਾਂ ਨਾ ਰਹਿ ਕੇ ਵੀਰਾਂ ਦੀ ਤਰ੍ਹਾਂ ਰਹਿੰਦੀ ਅਤੇ ਯੁਧ ਦੀ ਪ੍ਰੈਕਟਿਸ ਕਰਦੀ। ਉਹਨਾਂ ਨੂੰ ਗਹਿਣਿਆਂ ਦੀ ਥਾਂ ਚੰਗੀਆਂ-ਚੰਗੀਆਂ ਤਲਵਾਰਾਂ ਰੱਖਣ ਦਾ ਸ਼ੌਕ ਸੀ।

ਉਨ੍ਹੀ ਦਿਨੀਂ ਦੇਸ਼ ਵਿੱਚ ਅੰਗ੍ਰੇਜ਼ ਆਪਣੇ ਸਾਮਰਾਜ ਦਾ ਵਿਸਥਾਰ ਕਰਨ ਵਿੱਚ ਲਗੇ ਹੋਏ ਸਨ। ਉਹ ਹੌਲੀ-ਹੌਲੀ ਭਾਰਤ ਦੇ ਰਾਜਘਰਾਣਿਆਂ ਨੂੰ ਆਪਣੇ ਅਧਿਕਾਰ ਵਿੱਚ ਲੈਂਦੇ ਜਾ ਰਹੇ ਸਨ। ਗੰਗਾਧਰ ਰਾਵ ਨੇ ਵੀ ਆਪਣਾ ਰਾਜ ਸੁਰੱਖਿਅਤ ਰੱਖਣ ਲਈ ਅੰਗ੍ਰੇਜ਼ਾਂ ਨਾਲ ਸੰਧੀ ਕਰ ਲਈ। ਸੰਧੀ ਦੇ ਤਹਿਤ ਝਾਂਸੀ ਵਿੱਚ ਅੰਗ੍ਰੇਜ਼ੀ ਫੌਜ ਦੀ ਇਕ ਟੁਕੜੀ ਰੱਖ ਦਿੱਤੀ ਗਈ। ਜਿਸ ਦਾ ਖਰਚ ਝਾਂਸੀ ਦੇ ਰਾਜਾ ਦੇ ਉਪਰ ਪਾਇਆ ਗਿਆ ਜੋ ਸਾਲਾਨਾ 2 ਕਰੋੜ 26 ਲੱਖ ਰੁਪਿਆ ਸੀ। ਇਹ ਗੱਲ ਰਾਣੀ ਲਕਸ਼ਮੀਬਾਈ ਨੂੰ ਬਹੁਤ ਬੁਰੀ ਲਗੀ। ਇਸ ਲਈ ਰਾਣੀ ਨੇ ਕਿਲੇ ਵਿੱਚ ਆਪਣੀਆਂ ਸਹੇਲੀਆਂ ਨੂੰ ਫੌਜੀ ਟ੍ਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ ਅਤੇ ਫੌਜ ਦੀ ਇਕ ਟੁਕੜੀ ਵੀ ਬਣਾਈ।

ਇਸੇ ਦੌਰਾਨ ਰਾਣੀ ਲਕਸ਼ਮੀਬਾਈ ਨੇ ਇਕ ਪੁੱਤਰ ਨੂੰ ਜਨਮ ਦਿੱਤਾ। ਪੂਰੀ ਝਾਂਸੀ ਵਿੱਚ ਤਿਉਹਾਰ ਮਨਾਇਆ ਪਰ ਜਨਮ ਦੇ ਤੀਸਰੇ ਮਹੀਨੇ ਰਾਜਕੁਮਾਰ ਦੀ ਮੌਤ ਹੋ ਗਈ। ਝਾਂਸੀ ਵਿੱਚ ਸੋਗ ਪੈ ਗਿਆ। ਰਾਜਾ ਗੰਗਾਧਰ ਰਾਵ ਤਾਂ ਬੇਹਾਲ ਹੋ ਗਏ। ਰਾਣੀ ਦੀ ਚਿੰਤਾ ਵਧ ਗਈ। ਰਾਜ ਦਾ ਉਤਰਾਧਿਕਾਰੀ ਨਾ ਹੋਣ ਤੇ ਅੰਗ੍ਰੇਜ਼ ਝਾਂਸੀ ਹੜੱਪ ਲੈਣਗੇ। ਇਹ ਚਿੰਤਾ ਰਾਣੀ ਨੂੰ ਸਤਾਉਣ ਲੱਗੀ।ਉਹਨਾਂ ਨੇ ਸਲਾਹ ਕਰਕੇ, ਇਕ ਪੰਜ ਸਾਲਾ ਬਾਲਕ ਆਨੰਦ ਨੂੰ ਗੋਦ ਲੈ ਲਿਆ; ਜਿਸ ਦਾ ਨਾਮ ਦਾਮੋਦਰ ਰਾਵ ਰੱਖਿਆ ਗਿਆ। ਦਾਮੋਦਰ ਰਾਵ ਹੀ ਝਾਂਸੀ ਦਾ ਵਾਰਿਸ ਹੋਵੇਗਾ ਅਤੇ ਉਸ ਦੇ ਬਾਲਕ ਹੋਣ ਤਕ ਰਾਣੀ ਲਕਸ਼ਮੀਬਾਈ ਝਾਂਸੀ ਦਾ ਰਾਜ-ਕਾਜ ਸੰਭਾਲੇਗੀ। ਇਸ ਆਸ਼ੇ ਦਾ ਇਕ ਪੱਤਰ ਅੰਗ੍ਰੇਜ਼ ਸਰਕਾਰ ਨੂੰ ਗੰਗਾਧਰ ਰਾਵ ਨੇ ਭਿਜਵਾਇਆ। ਗੰਗਾਧਰ ਰਾਵ ਬੀਮਾਰ ਰਹਿੰਦੇ ਸਨ ਅਤੇ ਚਾਹੁੰਦੇ ਸਨ ਕਿ ਝਾਂਸੀ ਦੀ ਗੱਦੀ ਲਕਸ਼ਮੀਬਾਈ ਸੰਭਾਲੇ। ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਅਚਾਨਕ ਇਕ ਦਿਨ ਗੰਗਾਧਰ ਰਾਵ ਦੀ ਮੌਤ ਹੋ ਗਈ।

ਅੰਗ੍ਰੇਜ਼ਾਂ ਨੂੰ ਤਾਂ ਜਿਵੇਂ ਇਸੇ ਸਮੇਂ ਦੀ ਉਡੀਕ ਸੀ। ਉਹਨਾਂ ਨੇ ਦਮੋਦਰ ਰਾਵ ਨੂੰ ਝਾਂਸੀ ਦਾ ਉਤਰਾਧਿਕਾਰੀ ਮੰਨਣ ਤੋਂ ਨਾਂਹ ਕਰ ਦਿੱਤੀ ਅਤੇ ਝਾਂਸੀ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ। ਲਕਸ਼ਮੀਬਾਈ ਦੀ ਸਾਲਾਨਾਂ ਪੰਜ ਹਜ਼ਾਰ ਰੁਪਏ ਦੀ ਪੈਨਸ਼ਨ ਬੰਨ ਦਿੱਤੀ।

ਰਾਣੀ ਲਕਸ਼ਮੀਬਾਈ ਭਲਾ ਇਹਨੂੰ ਕਿਵੇਂ ਮੰਨ ਲੈਂਦੀ। ਉਹਨਾਂ ਨੇ ਘੋਸ਼ਣਾ ਕਰ ਦਿੱਤੀ ਕਿ ਮੈਂ ਆਪਣੀ ਝਾਂਸੀ ਅੰਗ੍ਰੇਜ਼ਾਂ ਨੂੰ ਨਹੀਂ ਦੇਵਾਂਗੀ ਅਤੇ ਉਹਨਾਂ ਨੇ ਪ੍ਰਸਿਧ ਕ੍ਰਾਂਤੀਕਾਰੀ ਤਾਤਯਾ ਟੋਪੇ ਦੇ ਨਾਲ ਮਿਲ ਕੇ ਝਾਂਸੀ ਦੇ ਕਿਲੇ ਨੂੰ ਅੰਗ੍ਰੇਜ਼ਾਂ ਤੋਂ ਆਜ਼ਾਦ ਕਰਾ ਲਿਆ।

ਇਸ ਤੇ ਭੜਕੇ ਅੰਗ੍ਰੇਜ਼ਾਂ ਨੇ ਟੀਕਮਗੜ ਦੇ ਦੀਵਾਨ ਨੱਥੇ ਖਾਂ ਨੂੰ ਭੜਕਾ ਕੇ ਝਾਂਸੀ ਤੇ ਹਮਲਾ ਕਰਵਾ ਦਿੱਤਾ। ਰਾਣੀ ਦੇ ਤੋਪਚੀ ਗੌਸ ਖਾਂ ਦੀਆਂ ਤੋਪਾਂ ਦੀ ਮਾਰ ਨਾਲ ਨੱਥੇ ਖਾਂ ਟਿਕ ਨਹੀਂ ਸਕਿਆ ਤੇ ਲੜਾਈ ਦਾ ਮੈਦਾਨ ਛੱਡ ਕੇ ਭੱਜ ਖੜਾ ਹੋਇਆ।

ਰਾਣੀ ਲਕਸ਼ਮੀਬਾਈ ਪੁਰਸ਼ਾਂ ਵਾਂਗ ਕਪੜੇ ਪਾਉਂਦੀ ਅਤੇ ਵੀਰ ਭੇਸ ਵਿੱਚ ਰਹਿੰਦੀ ਸੀ, ਸਿਰ ਤੇ ਲਾਲ ਸਾਫਾ, ਤਲਵਾਰ, ਢਾਲ ਅਤੇ ਪਿਸਤੌਲ ਹਰਦਮ ਨਾਲ ਰੱਖਦੀ ਸੀ। ਕਾਨਾਂ, ਮੰਦਰਾਂ, ਅਤੇ ਝਲਕਾਰੀ ਸਹੇਲੀਆਂ ਉਹਨਾਂ ਦੇ ਨਾਲ ਰਹਿੰਦੀਆਂ ਸਨ।

ਲਗਭਗ ਦਸ ਮਹੀਨੇ ਰਾਣੀ ਨੇ ਝਾਂਸੀ ਤੇ ਸ਼ਾਸ਼ਨ ਕੀਤਾ। ਉਹਨਾਂ ਦੇ ਰਾਜ ਵਿੱਚ ਪਰਜਾ ਸੁਖੀ ਸੀ। ਇਸ ਦੌਰਾਨ 21 ਮਾਰਚ ਸੰਨ 1858 ਵਿੱਚ ਹਿਊਰੋਜ਼ ਇਕ ਵਿਸ਼ਾਲ ਫੌਜ ਲੈ ਕੇ ਝਾਂਸੀ ਵਿੱਚ ਚੜ ਆਇਆ। ਦੋਵੇਂ ਪਾਸਿਉਂ ਘਮਸਾਨ ਯੁੱਧ ਹੋਣ ਲੱਗਾ। ਰਾਣੀ ਦੀਆਂ ਤੋਪਾਂ ਅੰਗ੍ਰੇਜ਼ਾਂ ਤੇ ਕਹਿਰ ਬਣ ਕੇ ਟੁੱਟੀਆਂ। ਤੋਪਾਂ ਨੇ ਹਿਊਰੋਜ ਦੀ ਫੌਜ ਦੇ ਛੱਕੇ ਛੁਡਾ ਦਿੱਤੇ। ਜਦ ਹਿਊਰੋਂਜ ਨੇ ਜਿੱਤ ਮੁਸ਼ਿਕਲ ਵੇਖੀ ਤਾਂ ਉਸ ਨੇ ਕਿਲੇ ਦੇ ਦਰਵਾਜੇ ਦੇ ਰੱਖਿਅਕ ਦੁਲਹਾਜੂ ਨੂੰ ਲਾਲਚ ਦਿੱਤਾ। ਦੁਲਹਾਜੂ ਨੇ ਲਕਸ਼ਮਈਬਾਈ ਨਾਲ ਵਿਸ਼ਵਾਸ਼ਘਾਤ ਕੀਤਾ ਅਤੇ ਫਾਟਕ ਖੋਲ੍ਹ ਦਿੱਤਾ। ਅੰਗ੍ਰੇਜ਼ੀ ਸੈਨਾ ਕਿਲੇ ਵਿੱਚ ਆਈ

ਅਤੇ ਮਾਰ-ਕਾਟ ਕਰਨ ਲੱਗੀ। ਸਰਦਾਰਾਂ ਦੀ ਰਾਇ ਮੰਨ ਕੇ ਰਾਣੀ ਲਕਸ਼ਮੀਬਾਈ ਆਪਣੇ ਗੋਦ ਲਏ ਪੁੱਤਰ ਦਾਮੋਦਰ ਰਾਵ ਨੂੰ ਪਿੱਠ ਤੇ ਬੰਨ੍ਹ ਕੇ ਘੋੜੇ ਤੇ ਸਵਾਰ ਹੋ ਕੇ ਨਿਕਲ ਪਈ ਅਤੇ ਕਾਲਪੀ ਆ ਗਈ। ਕਾਲਪੀ ਵਿੱਚ ਯਮੁਨਾ ਕਿਨਾਰੇ ਬਣੇ ਕਿਲੇ ਵਿੱਚ ਤਾਤਯਾ ਟੋਪੇ ਅਤੇ ਨਾਨਾ ਸਾਹਿਬ ਦੇ ਛੋਟੇ ਭਰਾ ਰਾਵ ਸਾਹਿਬ ਨੇ ਰਾਣੀ ਦਾ ਸਾਥ ਦਿਤਾ ਅਤੇ ਇਕ ਛੋਟੀ ਸੈਨਾ ਬਣਾਈ ਪਰ ਅੰਗ੍ਰੇਜ਼ਾਂ ਨੇ ਇਥੇ ਵੀ ਉਸ ਦਾ ਪਿੱਛਾ ਕੀਤਾ ਅਤੇ ਹਮਲਾ ਬੋਲ ਦਿੱਤਾ।

ਕਾਲਪੀ ਤੋਂ ਰਾਵ ਸਾਹਿਬ, ਤਾਤਯਾ ਟੋਪੇ ਅਤੇ ਲਕਸ਼ਮੀਬਾਈ ਬਚਦੇ-ਬਚਾਉਂਦੇ ਗਵਾਲੀਅਰ ਪਹੁੰਚੇ ਅਤੇ ਗਵਾਲੀਅਰ ਦੇ ਕਿਲੇ ਤੇ ਕਬਜ਼ਾ ਕਰ ਲਿਆ ਪਰ ਅੰਗ੍ਰੇਜ਼ੀ ਸੈਨਾ ਤਾਂ ਜਿਵੇਂ ਰਾਣੀ ਦੀ ਦੁਸ਼ਮਣ ਹੀ ਬਣ ਗਈ ਸੀ। ਮਹਾਰਾਣੀ ਦੇ ਗਵਾਲੀਅਰ ਪਹੁੰਚਦੇ ਹੀ ਅੰਗ੍ਰੇਜ਼ੀ ਫੌਜ ਵੀ ਗਵਾਲੀਅਰ ਆ ਪਹੁੰਚੀ। ਦੋਹਾਂ ਵਿੱਚ ਘਮਸਾਨ ਲੜਾਈ ਛਿੜ ਗਈ। ਇਸ ਯੁੱਧ ਵਿੱਚ ਰਾਣੀ ਦਾ ਘੋੜਾ ਮਾਰਿਆ ਗਿਆ। ਉਹਨਾਂ ਦੀਆਂ ਸਹੇਲੀਆਂ ਵੀ ਨਹੀਂ ਰਹੀਆਂ।

ਰਾਣੀ ਨੂੰ ਨਵਾਂ ਘੋੜਾ ਲੈਣਾ ਪਿਆ। ਨਵਾਂ ਘੋੜਾ ਅਨਾੜੀ ਸੀ ਅਤੇ ਅੜ ਜਾਂਦਾ ਸੀ। ਅਜਿਹੇ ਵਿੱਚ ਰਾਣੀ ਨੇ ਲੜਾਈ ਵਿਚੋਂ ਨਿਕਲਣ ਦਾ ਨਿਸ਼ਚਾ ਕੀਤਾ। ਉਹਨਾਂ ਨੇ ਦੰਦਾਂ ਨਾਲ ਘੋੜੇ ਦੀ ਲਗਾਮ ਫੜੀ ਅਤੇ ਦੋਹਾਂ ਹੱਥਾਂ ਵਿੱਚ ਤਲਵਾਰ ਚਲਾਉਂਦੇ ਹੋਏ ਬਿਜਲੀ ਦੀ ਗਤੀ ਨਾਲ ਅਗੇ ਵਧੀ। ਅੰਗ੍ਰੇਜ਼ ਫੌਜ ਨੇ ਉਹਨਾਂ ਦਾ ਪਿੱਛਾ ਕੀਤਾ।

ਰਾਣੀ ਲਗਭਗ ਨਿਕਲ ਹੀ ਗਈ ਸੀ ਕਿ ਰਾਹ ਵਿੱਚ ਇਕ ਨਾਲਾ ਆ ਗਿਆ। ਘੋੜਾ ਨਵਾਂ ਸੀ। ਉਹ ਨਾਲਾ ਪਾਰ ਕਰਨਾ ਨਹੀਂ ਜਾਣਦਾ ਸੀ। ਉਹ ਉਥੇ ਅੜ ਗਿਆ। ਤਦ ਤਕ ਪਿੱਛੋਂ ਦੁਸ਼ਮਣ ਸੈਨਿਕ ਆ ਗਏ। ਇਕ ਅੰਗ੍ਰੇਜ਼ ਨੇ ਬੰਦੂਕ ਨਾਲ ਰਾਣੀ ਨੂੰ ਗੋਲੀ ਮਾਰ ਦਿੱਤੀ। ਰਾਣੀ ਨੇ ਫੌਰਨ ਉਸ ਅੰਗ੍ਰੇਜ਼ ਦੀ ਗਰਦਨ ਆਪਣੀ ਤਲਵਾਰ ਨਾਲ ਕੱਟ ਦਿੱਤੀ। ਰਾਣੀ ਦਾ ਵਿਕਰਾਲ ਰੂਪ ਵੇਖ ਕੇ ਅੰਗ੍ਰੇਜ਼ ਸੈਨਾ ਭੱਜ ਖੜੀ ਹੋਈ। ਤਦ ਤਕ ਰਾਣੀ ਦੇ ਵਿਸ਼ਵਾਸ਼ਪਾਤਰ ਸਿਪਾਹੀ ਆ ਗਏ। ਰਾਣੀ ਦੇ ਸਰੀਰ ਵਿੱਚ ਅਨੇਕ ਜ਼ਖਮ ਹੋਏ ਸਨ। ਖ਼ੂਨ ਵਹਿ ਰਿਹਾ ਸੀ। ਆਪਣਾ ਅੰਤ ਸਮਾਂ ਵੇਖ ਕੇ ਰਾਣੀ ਨੇ ਸਿਪਾਹੀਆਂ ਨੂੰ ਕਿਹਾ ਕਿ ਉਹ ਕੁਝ ਅਜਿਹਾ ਕਰਨ ਕਿ ਉਹਨਾਂ ਦੀ ਲਾਸ਼ ਨੂੰ ਅੰਗ੍ਰੇਜ਼ ਹੱਥ ਨਾ ਲਗਾ ਸਕਣ। ਐਨਾ ਕਹਿ ਕੇ ਰਾਣੀ ਨੇ ਅੰਤਿਮ ਸਾਹ ਲਈ। ਸਿਪਾਹੀਆਂ ਨੇ ਰਾਣੀ ਦੀ ਲਾਸ਼ ਨੂੰ, ਕੋਲ ਹੀ ਬਾਬਾ ਗੰਗਾਦਾਸ ਦੀ ਕੁਟੀਆ ਵਿੱਚ ਲੈ ਜਾ ਕੇ ਲੁਕਾ ਦਿੱਤਾ। ਅੰਗ੍ਰੇਜ਼ ਉਹਨਾਂ ਦੀ ਲਾਸ਼ ਨਹੀਂ ਲੱਭ ਸਕੇ। ਬਾਦ ਵਿੱਚ ਉਹ ਰਾਣੀ ਦੀ ਸਮਾਧੀ ਬਣਾ ਦਿੱਤੀ ਗਈ।

ਅੰਗ੍ਰੇਜ਼ਾਂ ਨਾਲ ਲੜਦੇ ਹੋਏ 18 ਜੂਨ, 1858 ਨੂੰ ਰਾਣੀ ਲਕਸ਼ਮੀਬਾਈ ਆਪਣੇ ਦੇਸ਼ ਦੀ ਆਜ਼ਾਦੀ ਦੇ ਲਈ ਸ਼ਹੀਦ ਹੋ ਗਈ। ਕਵੀਆਂ ਨੇ ਉਹਨਾਂ ਦੀ ਵੀਰਤਾ ਦੇ ਗੁਣ ਗਾਏ ਹਨ। ਕਵਿਤਰੀ ਸੁਭੱਧਰਾ ਕੁਮਾਰੀ ਚੌਹਾਨ ਦੀ ਕਵਿਤਾ –

ਚਮਕ ਉਠੀ ਸੰਨ ਸਤਵੰਜਾ ਵਿੱਚ
ਉਹ ਤਲਵਾਰ ਪੁਰਾਣੀ ਸੀ।
ਬੁਢੇ ਭਾਰਤ ਵਿੱਚ ਆਈ
ਫਿਰ ਤੋਂ ਨਵੀਂ ਜਵਾਨੀ ਸੀ।
ਖ਼ੂਬ ਲੜੀ ਮਰਦਾਨੀ ਉਹ ਤਾਂ
ਝਾਂਸੀ ਵਾਲੀ ਰਾਣੀ ਸੀ।

ਅੱਜ ਵੀ ਲੋਕਾਂ ਦੀ ਜਬਾਨ ਤੇ ਹੈ। ■



ਕਹਾਣੀ : ਕ੍ਰਿਸ਼ਨ ਕੁਮਾਰ

# ਰਿਸ਼ਤੇ ਪਿਆਰ ਦੇ



ਰੱਖੜੀ ਦਾ ਦਿਨ ਸੀ। ਸਾਰੀਆਂ ਭੈਣਾਂ ਆਪਣੇ ਆਪਣੇ ਭਰਾਵਾਂ ਦੇ ਗੁੱਟ ਤੇ ਰੱਖੜੀ ਬੰਨ੍ਹ ਰਹੀਆਂ ਸਨ ਪ੍ਰੰਤੂ ਨਿਖਿਲ ਅੱਜ ਸਵੇਰ ਤੋਂ ਹੀ ਆਪਣੇ ਕਮਰੇ ਤੋਂ ਬਾਹਰ ਨਹੀਂ ਨਿਕਲਿਆ ਸੀ। ਅਸਲ ਵਿੱਚ ਉਸਦੀ ਇਕ ਭੈਣ ਸੀ ਸਰਲਾ। ਉਹ ਇਕ ਦੁਰਘਟਨਾ ਦਾ ਸ਼ਿਕਾਰ ਹੋ ਗਈ ਸੀ। ਪਿਛਲੇ ਸਾਲ ਸਰਲਾ ਨੇ ਨਿਖਿਲ ਦੇ ਗੁੱਟ ਤੇ ਉਸ ਦੀ ਮਨਪਸੰਦ ਰੱਖੜੀ ਬੰਨ੍ਹੀ ਸੀ। ਉਹੀ ਸਭ ਯਾਦ ਕਰਕੇ ਉਹ ਕਮਰੇ ਤੋਂ ਬਾਹਰ ਨਹੀਂ ਨਿਕਲਿਆ ਸੀ। ਮਾਂ ਲਕਸ਼ਮੀ ਅਤੇ ਪਾਪਾ ਪ੍ਰਕਾਸ਼ ਨੇ ਕਈ ਵਾਰ ਬੁਲਾਇਆ ਪ੍ਰੰਤੂ ਉਹ ਸੌਣ ਦਾ ਬਹਾਨਾ ਬਣਾ ਕੇ ਬਾਹਰ ਨਹੀਂ ਨਿਕਲਿਆ।

ਨਿਖਿਲ ਦਾ ਇਕ ਮਾਸੜ ਉਸੇ ਮੁਹੱਲੇ ਵਿੱਚ ਰਹਿੰਦੇ ਸਨ। ਦੋ ਸਾਲ ਪਹਿਲਾਂ ਇਕ ਦੁਰਘਟਨਾ ਵਿੱਚ ਉਹ ਸਵਰਗ ਸੁਧਾਰ ਗਏ ਸਨ। ਹੁਣ ਉਹਨਾਂ ਦੇ ਇਥੇ ਨਿਖਿਲ ਦੀ ਮਾਸੀ ਕਾਮਿਨੀ ਅਤੇ ਉਸਦੀ ਲੜਕੀ ਸ਼ੀਲਾ ਹੀ ਬਚੀਆਂ ਸਨ। ਪ੍ਰਕਾਸ਼ ਦੀ ਸਮਾਜ ਵਿੱਚ ਬਹੁਤ ਇੱਜ਼ਤ ਸੀ। ਉਹਨਾਂ ਦਾ ਕਾਮਿਨੀ ਅਤੇ ਸ਼ੀਲਾ ਨਾਲ ਵਿਸ਼ੇਸ਼ ਲਗਾਵ ਨਹੀਂ ਸੀ। ਉਹ ਤਾਂ ਲਕਸ਼ਮੀ ਆਪਣੀ ਭੈਣ ਦੇ ਕਦੇ-ਕਦਾਈ ਥੋੜੀ ਬਹੁਤ ਸਹਾਇਤਾ ਕਰ ਦਿੰਦੀ ਸੀ। ਇਹ ਗੱਲ ਨਿਖਿਲ ਨੂੰ ਪਤਾ ਸੀ। ਇਧਰ ਸਰਲਾ ਦੇ ਚਲੇ ਜਾਣ ਬਾਦ ਨਿਖਿਲ ਬਹੁਤ ਉਦਾਸ ਰਹਿਣ ਲੱਗਾ ਸੀ। ਉਹ ਤਾਂ ਉਸਦੀ ਮਾਸੀ ਦੀ ਲੜਕੀ ਸ਼ੀਲਾ ਸੀ ਜਿਸ ਨੇ ਕਾਫੀ ਹਦ ਤਕ ਆਪਣਾ ਪਿਆਰ ਦੇ ਕੇ ਉਸਦੀ ਉਦਾਸੀ ਘੱਟ ਕਰ ਦਿੱਤੀ ਅਤੇ ਉਸਦੇ ਦੇ ਦਿਲ ਵਿੱਚ ਭੈਣ ਦਾ ਸਥਾਨ ਬਣਾ ਲਿਆ ਸੀ। ਹੁਣ ਨਿਖਿਲ ਵੀ ਸ਼ੀਲਾ ਨੂੰ ਆਪਣੀ ਸਕੀ ਭੈਣ ਵਰਗਾ ਮੰਨਣ ਲੱਗਾ ਸੀ।

ਅੱਜ ਰੱਖੜੀ ਦਾ ਦਿਨ ਸੀ। ਸ਼ੀਲਾ ਨਿਖਿਲ ਨੂੰ ਰੱਖੜੀ ਬੰਨ੍ਹਣ ਦਾ ਪੂਰਾ ਇੰਤਜਾਮ ਕਰਕੇ ਆਪਣੇ ਘਰ ਬੈਠੀ ਸੀ। ਉਸਦੀ ਮੰਮੀ ਕਾਮਿਨੀ ਨੇ ਇਹ ਕਹਿ ਕੇ ਰੋਕ ਰੱਖਿਆ ਸੀ ਕਿ ਜਦ ਕੋਈ ਬੁਲਾਉਣ ਆਏ ਤਦ ਜਾਣਾ, ਉਂਝ ਜਾਣ ਵਿੱਚ ਕੀ ਪਤਾ ਉਹ ਲੋਕ ਬੁਰਾ ਮੰਨ ਜਾਣ। ਪ੍ਰਕਾਸ਼ ਦੀ ਭੈਣ ਕਮਲਾ ਆਈ ਸੀ। ਉਹਨਾਂ ਨੇ ਪ੍ਰਕਾਸ਼ ਦੇ ਹੱਥ ਤੇ ਰੱਖੜੀ ਬੰਨ੍ਹੀ ਅਤੇ ਮਿਠਾਈ ਖਿਲਾਈ। ਪ੍ਰਕਾਸ਼ ਨੇ ਨਿਖਿਲ ਨੂੰ ਆਵਾਜ਼ ਦਿੱਤੀ- ਬੇਟਾ, ਆਪਣੀ ਭੂਆ ਤੋਂ ਰੱਖੜੀ ਬੰਨ੍ਹਵਾ ਲੈ।

– ਨਹੀਂ ਪਾਪਾ ਮੈਂ ਆਪਣੀ ਭੈਣ ਤੋਂ ਰੱਖੜੀ ਬਨਵਾਉਂਗਾ।

ਇਹ ਸੁਣ ਕੇ ਪ੍ਰਕਾਸ਼ ਨੂੰ ਸਰਲਾ ਦੀ ਯਾਦ ਆ ਗਈ ਅਤੇ ਉਹ ਭਰੇ ਗਲੇ ਨਾਲ ਬੋਲੇ -ਬੇਟਾ ਤੇਰੀ ਭੈਣ ......

ਵਿਚੋਂ ਹੀ ਨਿਖਿਲ ਬੋਲ ਪਿਆ– ਪਾਪਾ ਹੈ ਅਤੇ ਉਹ ਹੈ ਸ਼ੀਲਾ ਦੀਦੀ।

– ਨਹੀਂ-ਨਹੀਂ ਉਹ ਸਾਡੀ ਬਰਾਬਰੀ ਦੀ ਕਿਥੇ? ਉਹ ਤਾਂ ਬਹੁਤ ਗਰੀਬ ਹਨ।

– ਤਾਂ ਕੀ ਪਾਪਾ ਰਿਸ਼ਤੇ ਵੀ ਅਮੀਰ-ਗਰੀਬ ਹੁੰਦੇ ਹਨ ! ਮੈਂ ਸ਼ੀਲਾ ਦੀਦੀ ਤੋਂ ਹੀ ਰੱਖੜੀ ਬੰਨਵਾਵਾਂਗਾ। ਉਹ ਮੈਨੂੰ ਸਰਲਾ ਦੀਦੀ ਵਾਂਗ ਪਿਆਰ ਕਰਦੀ ਹੈ।

– ਠੀਕ ਤਾਂ ਕਹਿ ਰਿਹਾ ਹੈ ਨਿਖਿਲ। ਆਪ ਨੇ ਵੇਖਿਆ ਨਹੀਂ ਸਰਲਾ ਦੇ ਜਾਣ ਦੇ ਬਾਦ ਉਸਦੀ ਕੀ ਹਾਲ ਹੋ ਗਈ ਸੀ? ਉਹ ਤਾਂ ਭਲਾ ਹੋਵੇ ਸ਼ੀਲਾ ਦਾ ਜੋ ਉਸਨੇ ਪਿਆਰ ਦੇ ਕੇ ਨਿਖਿਲ ਨੂੰ ਭੈਣ ਦਾ ਪਿਆਰ ਦਿਤਾ। ਰਿਸ਼ਤੇ ਪਿਆਰ ਨਾਲ ਹੁੰਦੇ ਹਨ। ਅਮੀਰੀ-ਗਰੀਬੀ ਨਾਲ ਨਹੀਂ।

– ਨਿਖਿਲ ਦੀ ਮੰਮੀ ਨੇ ਕਿਹਾ।

ਲਕਸ਼ਮੀ ਦੀਆਂ ਗੱਲਾਂ ਸੁਣ ਕੇ ਪ੍ਰਕਾਸ਼ ਦੀ ਵੀ ਸਮਝ ਵਿੱਚ ਆ ਗਿਆ ਸੀ ਕਿ ਅਸਲ ਵਿੱਚ ਰਿਸ਼ਤੇ ਪਿਆਰ ਨਾਲ ਹੁੰਦੇ ਹਨ। ਫਿਰ ਉਹਨਾਂ ਨੇ ਤੁਰੰਤ ਘਰ ਦਾ ਕੰਮ ਕਰਨ ਵਾਲੀ ਨੂੰ ਭੇਜ ਕੇ ਸ਼ੀਲਾ ਅਤੇ ਕਾਮਿਨੀ ਨੂੰ ਬੁਲਵਾਇਆ। ਸ਼ੀਲਾ ਨੇ ਆ ਕੇ ਨਿਖਿਲ ਦੇ ਰੱਖੜੀ ਬੰਨ੍ਹੀ ਅਤੇ ਮਿਠਾਈ ਖਿਲਾਈ। ਨਿਖਿਲ ਨੇ ਵੀ ਉਪਹਾਰ ਦੇ ਕੇ ਪੈਰ ਛੂਹ ਕੇ ਅਸ਼ੀਰਵਾਦ ਪ੍ਰਾਪਤ ਕੀਤਾ। ਸਾਰੇ ਖੁਸ਼ ਸਨ। ਇਸ ਤਰ੍ਹਾਂ ਨਿਖਿਲ ਨੇ ਪਿਆਰ ਦੀ ਮਿੱਟੀ ਪਾ ਕੇ ਰਿਸ਼ਤਿਆਂ ਵਿੱਚ ਅਮੀਰੀ-ਗਰੀਬੀ ਦੀ ਖਾਈ ਨੂੰ ਪੂਰ ਦਿੱਤਾ ਸੀ।

# ਹਾਸਾ ਖੇਡਾ

ਟ੍ਰੇਨ ਵਿਚ ਇਕ ਯਾਤਰੀ ਬੈਠਾ ਸੀ। ਤਦੇ ਇਕ ਆਦਮੀ ਉਸ ਦੇ ਕੋਲ ਆਇਆ ਅਤੇ ਉਹਨੂੰ ਹੱਥ ਮਾਰ ਕੇ ਬੋਲਿਆ –

ਸ਼ੇਰਸਿੰਘ ਤੂੰ ਬਹੁਤ ਧੋਖੇਬਾਜ ਹੈ।

ਇਸ ਤੇ ਯਾਤਰੀ ਕੁਝ ਨਹੀਂ ਬੋਲਿਆ; ਪਰ ਉਸ ਆਦਮੀ ਨੇ ਯਾਤਰੀ ਦੇ ਨਾਲ ਅਜਿਹਾ ਕਈ ਵਾਰ ਕੀਤਾ।

ਤਦੇ ਕੋਲ ਬੈਠੇ ਇਕ ਸੱਜਣ ਬੋਲੇ –

ਭਲੇ ਆਦਮੀ, ਇਹ ਆਦਮੀ ਤੈਨੂੰ ਬਾਰ ਬਾਰ ਮਾਰ ਰਿਹਾ ਹੈ ਅਤੇ ਤੂੰ ਕੁਝ ਨਹੀਂ ਬੋਲ ਰਿਹਾ?

ਯਾਤਰੀ ਬੋਲਿਆ –

ਬੋਲਾਂ ਤਾਂ ਤਦ ਜੇ ਮੈਂ ਸ਼ੇਰ ਸਿੰਘ ਹੋਵਾਂ।

....

ਪਤੀ ਹਫਦੇ ਹੋਏ ਘਰ ਵਿਚ ਦਾਖਿਲ ਹੋਇਆ। ਉਸਦੇ ਹੱਥ ਵਿੱਚ ਇਕ ਚਾਂਦੀ ਦਾ ਕੱਪ ਸੀ।

ਪਤਨੀ ਨੇ ਪੁੱਛਿਆ – ਇਹ ਕੱਪ ਕਿਥੋਂ ਮਿਲਿਆ?

ਪਤੀ : ਦੌੜ ਵਿੱਚ ਫਸਟ ਆਇਆ ਹਾਂ।

ਪਤਨੀ : ਦੂਸਰੇ ਅਤੇ ਤੀਸਰੇ ਨੰਬਰ ਤੇ ਕੌਣ ਰਿਹਾ?

ਪਤੀ : ਦੂਸਰੇ ਨੰਬਰ ਤੇ ਪੁਲਿਸ ਵਾਲਾ ਅਤੇ ਤੀਸਰੇ ਨੰਬਰ ਤੇ ਕੱਪ ਦਾ ਮਾਲਿਕ।



....

ਲਾਲੀ : (ਮੋਨਾ ਨੂੰ) ਮੈਨੂੰ ਕੋਈ ਅਜਿਹਾ ਉਪਾਅ ਦੱਸ ਕਿ ਮੈਂ ਮੋਟੀ ਹੋ ਜਾਵਾਂ। ਸਾਰੇ ਲੋਕ ਮੈਨੂੰ ਸੁਕੜੀ-ਸੁਕੜੀ ਕਹਿੰਦੇ ਹਨ।

ਮੋਨਾ : ਉਹ ਜੋ ਤੁਹਾਡੀ ਛੱਤ ਤੇ ਮਧੂ-ਮੱਖੀਆਂ ਦਾ ਛੱਤਾ ਹੈ ਨਾ, ਉਸ ਵਿੱਚ ਹੱਥ ਪਾ ਦੇ। ਤੂੰ ਮੋਟੀ ਹੋ ਜਾਏਗੀ।

– ਆਨੰਦ ਪ੍ਰਕਾਸ਼

ਕਲਪਨਾ : ਤੂੰ ਕਿਥੇ ਜਾ ਰਹੀ ਹੈ?

ਉਪਾਸਨਾ : ਪੰਡਿਤ ਜੀ ਦੇ ਪ੍ਰਵਚਨ ਸੁਨਣ।

ਕਲਪਨਾ : ਨਾ ਬੱਦਲ ਹੈ ਨਾ ਬਰਸਾਤ ਫਿਰ ਛੱਤਰੀ ਕਿਉਂ?

ਉਪਾਸਨਾ : ਪੰਡਿਤ ਜੀ, ਗਿਆਨ ਦੀ ਵਰਖਾ ਕਰਨ ਵਾਲੇ ਹਨ।



....

ਅਨੁਰਾਗ ਇਕ ਕਪੜੇ ਦੀ ਦੁਕਾਨ ਤੋਂ ਕਪੜਾ ਖਰੀਦ ਕੇ ਜਲਦੀ ਨਾਲ ਬਾਹਰ ਨਿਕਲਿਆ।

ਗੇਟਕੀਪਰ : (ਅਨੁਰਾਗ ਨੂੰ) ਰੁਕ ਜਾ ਕਪੜੇ ਚੋਰੀ ਕਰਕੇ ਕਿਥੇ ਭੱਜ ਰਿਹਾ ਹੈ?

ਅਨੁਰਾਗ : ਜੀ ਆਪ ਨੂੰ ਗਲਤਫਹਿਮੀ ਹੋਈ ਹੈ।

ਗੇਟਕੀਪਰ : ਤਾਂ ਫਿਰ ਐਨੀ ਤੇਜ਼ੀ ਨਾਲ ਕਿਉਂ ਭੱਜ ਰਿਹਾ ਹੈ?

ਅਨੁਰਾਗ : ਇਸ ਲਈ ਕਿ ਘਰ ਜਾ ਕੇ ਜਲਦੀ ਨਾਲ ਪਹਿਨ ਲਵਾਂ ਕਿਤੇ ਫੈਸ਼ਨ ਨਾ ਬਦਲ ਜਾਵੇ।

....

ਇਕ ਬੱਚਾ ਸਕੂਲ ਤੋਂ ਆਇਆ ਤਾਂ ਉਸ ਦੀ ਮਾਂ ਉਸਦਾ ਖਰੋਚਾਂ ਨਾਲ ਭਰਿਆ ਚਿਹਰਾ ਵੇਖ ਕੇ ਗੁੱਸੇ ਨਾਲ ਬੋਲੀ –

ਤੂੰ ਫਿਰ ਲੜਾਈ ਕਰ ਲਈ ਕਿਸੇ ਬੱਚੇ ਨਾਲ? ਮੈਂ ਤੈਨੂੰ ਕਿੰਨੀ ਵਾਰ ਸਮਝਾਇਆ ਹੈ ਜਦ ਕੋਈ ਵੀ ਲੜਾਈ-ਝਗੜੇ ਦੀ ਨੌਬਤ ਆਉਂਦੀ ਦਿਖਾਈ ਦਏ, ਤੂੰ ਲੜਨ ਤੋਂ ਪਹਿਲਾਂ ਵੀਹ ਤਕ ਗਿਣਤੀ ਗਿਣਿਆ ਕਰ।

ਬੱਚਾ : (ਰੋਣਹਾਕਾ ਹੋ ਕੇ) ਪਤਾ ਹੈ ਮੰਮੀ, ਲੇਕਿਨ ਦੂਸਰੇ ਲੜਕੇ ਦੀ ਮੰਮੀ ਨੇ ਉਹਨੂੰ ਸਿਰਫ ਦਸ ਤਕ ਹੀ ਗਿਣਤੀ ਗਿਣਨ ਲਈ ਕਿਹਾ ਸੀ।

– ਸੰਜੀਵ ਕੁਮਾਰ

ਮਾਂ : (ਬੇਟੀ ਨੂੰ) ਦਿਸ਼ਾ, ਤੂੰ ਪੌਦਿਆਂ ਦੇ ਕੋਲ ਕੀ ਕਰ ਰਹੀ ਹੈ?



ਦਿਸ਼ਾ : ਮੰਮੀ, ਮੈਂ ਪੌਦਿਆਂ ਨੂੰ ਪਾਣੀ ਦੇ ਰਹੀ ਹਾਂ।

ਮਾਂ : ਲੇਕਿਨ ਉਥੇ ਤਾਂ ਤੇਜ਼ ਬਾਰਿਸ਼ ਹੋ ਰਹੀ ਹੈ।

ਦਿਸ਼ਾ : ਆਪ ਚਿੰਤਾ ਨਾ ਕਰੋ ਮਾਂ, ਮੈਂ ਛੱਤਰੀ ਲੈ ਰੱਖੀ ਹੈ।

....

ਦੇਵੇਨ : (ਸਾਹਿਲ ਨੂੰ) ਆਪ ਦਾ ਲੜਕਾ ਬਹੁਤ ਨਲਾਇਕ ਹੈ।

ਸਾਹਿਲ : ਉਹ ਕਿਸ ਤਰ੍ਹਾਂ?

ਦੇਵੇਨ : ਆਪ ਦੇ ਲੜਕੇ ਦੀ ਨਕਲ ਕਰਕੇ ਮੇਰਾ ਲੜਕਾ ਵੀ ਫੇਲ੍ਹ ਹੋ ਗਿਆ।

....

ਦੀਨੂ : (ਰਾਮੂ ਨੂੰ) ਤੇਰੀ ਐਨੀ ਹਿੰਮਤ ਜੋ ਤੂੰ ਮੇਰੇ ਤੇ ਹੱਥ ਚੁਕਿਆ। ਮੈਂ ਤੇਰੀ ਖਾਟ ਖੜੀ ਕਰ ਦੇਵਾਂਗਾ।

ਰਾਮੂ : ਜਾ-ਜਾ ਬਹੁਤ ਵੇਖੇ ਹਨ ਖਾਟ ਖੜੀ ਕਰਨ ਵਾਲੇ, ਤੇਰੇ ਵੱਸ ਦੀ ਗੱਲ ਨਹੀਂ। ਮੇਰੀ ਖਾਟ ਖੜੀ ਕਰਨਾ।

ਦੀਨੂ : ਕਿਉਂ ਨਹੀਂ ਹੈ?

ਰਾਮੂ : ਕਿਉਂਕਿ ਮੈਂ ਫਰਸ਼ ਤੇ ਸੌਂਦਾ ਹਾਂ।

....

ਨੀਰਜ : (ਰੰਜਨ ਨੂੰ) ਕੀ ਤੁਹਾਡਾ ਕਦੇ ਮੂਰਖਾਂ ਨਾਲ ਵਾਹ ਪਿਆ ਹੈ?

ਰੰਜਨ : ਕੋਸ਼ਿਸ਼ ਤਾਂ ਬਹੁਤ ਕੀਤੀ ਬਚਣ ਦੀ ਪਰ ਅੱਜ ਤੇਰੇ ਤੋਂ ਬਚ ਨਹੀਂ ਸਕਿਆ।

– ਮੁਸਕਾਨ

ਗੁੱਡੀ : ਮੰਮੀ ਆਪ ਨੇ ਜੋ ਇਕ ਹਫਤਾ ਪਹਿਲਾਂ ਗੁਲਾਬ ਦੀ ਕਲਮ ਲਗਾਈ ਸੀ। ਉਸ ਵਿੱਚ ਹੁਣ ਤਕ ਜੜਾਂ ਨਹੀਂ ਨਿਕਲੀਆਂ ਹਨ।

ਮੰਮੀ : ਪਰ ਤੈਨੂੰ ਕਿਵੇਂ ਪਤਾ?

ਗੁੱਡੀ : ਮੈਂ ਰੋਜ਼ ਉਖਾੜ ਕੇ ਵੇਖਦੀ ਹਾਂ।

....

ਮੈਡਮ : (ਛੋਟੇ ਬੱਚੇ ਨੂੰ) ਬੇਟਾ, ਆਪਣੇ ਪਾਪਾ ਦਾ ਨਾਮ ਦੱਸੋ।

ਬੱਚਾ : ਹਾਲਾਂ ਨਾਮ ਨਹੀਂ ਰੱਖਿਆ। ਉਹਨਾਂ ਨੂੰ ਅਸੀਂ ਪਾਪਾ ਕਹਿ ਕੇ ਬੁਲਾਉਂਦੇ ਹਾਂ।

....

ਪਤਨੀ : (ਪਤੀ ਨੂੰ) ਰਾਤ ਨੂੰ ਮੋਬਾਇਲ ਚਾਰਜਿੰਗ ਤੇ ਨਾ ਰੱਖੋ।

ਪਤੀ : ਕਿਉਂ?

ਪਤਨੀ: ਬੈਟਰੀ ਬਲਾਸਟ ਹੋ ਜਾਏਗੀ।

ਪਤੀ : ਤੂੰ ਚਿੰਤਾ ਨਾ ਕਰ ਮੈਂ ਬੈਟਰੀ ਕੱਢ ਦਿੱਤੀ ਹੈ।



....

ਨੌਕਰ : ਸਾਹਬ, ਮੇਰੀ ਦੂਰ ਦੀ ਨਿਗ੍ਹਾ ਖਰਾਬ ਹੋ ਗਈ ਹੈ। ਮੈਨੂੰ ਚਸ਼ਮਾ ਬਣਵਾ ਦਿਉ।

ਮਾਲਿਕ : ਚਲ ਮੇਰੇ ਨਾਲ.. ਉਹ ਵੇਖ ਅਸਮਾਨ ਵਿੱਚ ਕੀ ਹੈ?

ਨੌਕਰ : ਉਹ ਤਾਂ ਸੂਰਜ ਹੈ।

ਮਾਲਿਕ : ਅਰੇ! ਤੇਰੀ ਨਜ਼ਰ ਤਾਂ ਠੀਕ ਹੈ ਹੋਰ ਕਿੰਨੀ ਦੂਰ ਤਕ ਵੇਖਣਾ ਚਾਹੁੰਦਾ ਹੈ।

– ਪ੍ਰਿਯੰਕਾ

# ਪਤੰਗ

❒ ਬਲਵਿੰਦਰ ਬਾਲਮ



ਜੀਵਨ ਨੂੰ ਸਮਝਾਏ ਪਤੰਗ।
ਅੰਬਰ ਵਿਚ ਜਦ ਜਾਏ ਪਤੰਗ।

ਡੋਰ ਬਿਨਾ ਅਧੂਰੀ ਪਤੰਗ।
ਦੋਵੇਂ ਨੇ ਇਕ ਦੂਜੇ ਦੇ ਸੰਗ।

ਜੀਵਨ ਇਕ ਪਤੰਗ ਦੇ ਵਾਂਗੂੰ।
ਉਡਦੇ ਹੋਏ ਰੰਗ ਦੇ ਵਾਂਗੂੰ।

ਜਦ ਤਕ ਅੰਬਰ ਵਿਚ ਰਹਿੰਦੀ ਹੈ।
ਸਭ ਨੂੰ ਆਪਣਾ ਹੀ ਕਹਿੰਦੀ ਹੈ।

ਵੱਖੋ-ਵੱਖਰੇ ਇਸ ਦੇ ਨੇ ਰੰਗ।
ਉਡਣ ਦੇ ਨੇ ਅਦਭੁਤ ਢੰਗ।

ਅੰਬਰ ਛੂਹ ਕੇ ਜਦ ਕੱਟ ਜਾਏ।
ਜੀਵਨ ਦੀ ਅਸਲੀਅਤ ਪਾਏ।

ਜੀਵਨ 'ਬਾਲਮ' ਪਤੰਗ ਦੇ ਵਾਂਗੂੰ।
ਛੋਟੀ ਜਿਹੀ ਉਮੰਗ ਦੇ ਵਾਂਗੂੰ।



ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ?



(ਸਭ ਸਵਾਲਾਂ ਦੇ ਜੁਆਬ 'ਗ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉਤੱਰ ਲਿਖਦੇ ਜਾਉ।)

ਪ੍ਰਸ਼ਨ 1) ਦੁਆਪਰ ਯੁਗ ਤੋਂ ਬਾਅਦ ਅਗਲਾ ਯੁਗ ਕਿਹੜਾ ਹੈ?

ਪ੍ਰਸ਼ਨ 2) ਹੈਦਰਾਬਾਦ ਦੇ ਮਸ਼ਹੂਰ ਮਿਊਜ਼ੀਅਮ ਦਾ ਨਾਂ ਕੀ ਹੈ?

ਪ੍ਰਸ਼ਨ 3) ਸੰਨ 2012 ਦੀਆਂ ਔਲੰਪਿਕ ਖੇਡਾਂ ਵਿਚ ਕਿਸ ਭਾਰਤੀ ਨੇ ਪਹਿਲਾ ਪਦਕ ਜਿੱਤਿਆ ਸੀ?

ਪ੍ਰਸ਼ਨ 4) ਭਾਰਤ ਦੇ ਪਹਿਲੇ ਬ੍ਰਿਟਿਸ਼ ਗਵਰਨਰ ਜਨਰਲ ਦਾ ਕੀ ਨਾਂ ਸੀ?

ਪ੍ਰਸ਼ਨ 5) ਦੁਰਯੋਧਨ ਨੇ ਕਰਣ ਨੂੰ ਕਿਸ ਦੇਸ਼ ਦਾ ਰਾਜਾ ਬਣਾਇਆ ਸੀ?

ਪ੍ਰਸ਼ਨ 6) ਚੀਨ ਦੀ ਰਾਜਧਾਨੀ ਦਾ ਕੀ ਨਾਂ ਹੈ?

ਪ੍ਰਸ਼ਨ 7) ਭਾਰਤ ਵਿਚ ਰਾਜਨੀਤਕ ਪਾਰਟੀਆਂ ਨੂੰ ਚੋਣ ਨਿਸ਼ਾਨ ਕੌਣ ਦਿੰਦਾ ਹੈ?

ਪ੍ਰਸ਼ਨ 8) ਸ਼ਬਰੀ ਦੇ ਗੁਰੂ ਦਾ ਕੀ ਨਾਂ ਸੀ?

ਪ੍ਰਸ਼ਨ 9) ਪੈਨਸਲੀਨ ਦੀ ਖੋਜ ਕਿਸ ਨੇ ਕੀਤੀ?

ਪ੍ਰਸ਼ਨ 10) ਭਾਰਤੀ ਟੈਲੀਵਿਜਨ ਤੇ ਪ੍ਰਸਾਰਿਤ ਹੋਣ ਵਾਲਾ ਪਹਿਲਾ ਸੀਰਿਅਲ ਕਿਹੜਾ ਸੀ?

ਪ੍ਰਸ਼ਨ 11) ਪਾਰਸੀਆਂ ਦੇ ਪੂਜਾ ਸਥਲ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ 12) ਸਮੁੰਦਰੀ ਉਦਯੋਗ ਲਈ ਮਸ਼ਹੂਰ ਵਿਸ਼ਾਖਾਪਟਨਮ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ?

ਪ੍ਰਸ਼ਨ 13) ਭਾਰਤ ਦੇ ਪਹਿਲੇ ਵਾਇਸਰਾਏ ਦਾ ਕੀ ਨਾਂ ਸੀ?

ਪ੍ਰਸ਼ਨ 14) ਮੇਘਾਲਿਆ ਰਾਜ ਦੀ ਰਾਜਧਾਨੀ ਦਾ ਕੀ ਨਾਂ ਸੀ?

ਪ੍ਰਸ਼ਨ 15) ਚੰਨ ਤੇ ਪਹੁੰਚਣ ਵਾਲਾ ਸੰਸਾਰ ਦਾ ਪਹਿਲਾ ਵਿਅਕਤੀ ਕੌਣ ਸੀ?


(ਸਹੀ ਉਤੱਰ ਕਿਸੇ ਹੋਰ ਪੰਨੇ ਤੇ ਵੇਖੋ)





# ਕਿੱਟੀ


ਚਿੱਤਰਕਾਰ ਅਤੇ ਲੇਖਕ - ਅਜੈਂ ਕਾਲੜਾ




ਰੁੱਖ ਸਾਨੂੰ ਛਾਂ ਪ੍ਰਦਾਨ ਕਰਦੇ ਹਨ।
ਅਤੇ ਇਹ ਸਾਨੂੰ ਫਲ ਪ੍ਰਦਾਨ ਕਰਦੇ ਹਨ ਜੋ ਸਾਡੀ ਸਿਹਤ ਲਈ ਬਹੁਤ ਲਾਭਕਾਰੀ ਹੁੰਦੇ ਹਨ।
ਰੁੱਖ ਸਾਨੂੰ ਸਬਜ਼ੀਆਂ ਵੀ ਪ੍ਰਦਾਨ ਕਰਦੇ ਹਨ।


ਸਭ ਤੋਂ ਮਹੱਤਵਪੂਰਣ ਗੱਲ ਇਹ ਹੈ
ਕਿ ਰੁੱਖ ਸਾਨੂੰ ਆਕਸੀਜਨ ਦਿੰਦੇ ਹਨ,
ਜਿਸ ਨਾਲ ਅਸੀ ਜੀਵਿਤ ਰਹਿੰਦੇ ਹਾਂ।
ਇਹ ਬਰਸਾਤ ਕਰਵਾਉਣ ਵਿੱਚ ਵੀ ਸਹਿਯੋਗ ਦਿੰਦੇ ਹਨ।
ਇਹ ਹੜ ਆਉਣ ਤੇ ਪਾਣੀ ਦੇ ਬਹਾਵ ਤੋਂ ਵੀ ਸਾਨੂੰ ਬਚਾਉਂਦੇ ਹਨ।


ਇਹ ਸਾਡੇ ਘਰਾਂ ਵਿੱਚ ਫਰਨੀਚਰ ਦੇ ਵੀ ਕੰਮ ਆਉਂਦੇ ਹਨ।
ਹੋਰ ਵੀ ਬਹੁਤ ਸਾਰੇ ਕੰਮਾਂ ਵਿੱਚ ਰੁੱਖ ਸਾਡੇ ਕੰਮ ਆਉਂਦੇ ਹਨ। ਫਿਰ ਕਿਉਂ ਅਸੀਂ ਇਹਨਾਂ ਨੂੰ ਕੱਟ ਕੇ ਆਪਣੀ ਮੌਤ ਨੂੰ ਆਪਣੇ ਨੇੜੇ ਲਿਆਉਂਦੇ ਹਾਂ। ਕਿਉਂ ਨਾ ਅਸੀਂ ਰੁੱਖ ਲਗਾਈਏ ਅਤੇ ਆਪਣੇ ਜੀਵਨ ਨੂੰ ਸੁਖੀ ਬਣਾਈਏ।



ਬਾਲ ਕਹਾਣੀ : ਕਿਸ਼ਨਲਾਲ ਸ਼ਰਮਾ

# ਏਕਤਾ ਵਿੱਚ ਤਾਕਤ

ਇਕ ਵਾਰ ਦੀ ਗੱਲ ਹੈ। ਇਕ ਚਿੜੀਮਾਰ ਪੰਛੀਆਂ ਨੂੰ ਫੜਨ ਲਈ ਜੰਗਲ ਵਿੱਚ ਗਿਆ। ਉਸ ਨੇ ਪੰਛੀਆਂ ਨੂੰ ਫਸਾਉਣ ਲਈ, ਜਮੀਨ ਤੇ ਦਾਣਾ ਪਾ ਕੇ ਜਾਲ ਵਿਛਾ ਦਿੱਤਾ। ਫਿਰ ਉਹ ਦੂਰ ਇਕ ਰੁੱਖ ਦੇ ਹੇਠਾਂ ਬੈਠ ਕੇ ਪੰਛੀਆਂ ਦੇ ਆਉਣ ਦੀ ਉਡੀਕ ਕਰਨ ਲੱਗਾ।

ਕੁਝ ਦੇਰ ਬਾਅਦ ਆਕਾਸ਼ ਵਿੱਚ ਕਬੂਤਰਾਂ ਦਾ ਝੁੰਡ ਨਜ਼ਰ ਆਇਆ। ਉਹਨਾਂ ਦੀ ਨਜ਼ਰ ਜ਼ਮੀਨ ਤੇ ਖਿਲਰੇ ਦਾਣਿਆਂ ਤੇ ਪਈ। ਉਹ ਦਾਣੇ ਚੁਗਣ ਲਈ ਜ਼ਮੀਨ ਤੇ ਉਤਰ ਆਏ। ਉਹ ਜਿਉਂ ਹੀ ਦਾਣੇ ਚੁਗਣ ਲਈ ਝੁਕੇ, ਜਾਲ ਵਿੱਚ ਫਸ ਗਏ। ਉਹ ਸਮਝ ਗਏ, ਉਹਨਾਂ ਨੂੰ ਜਾਲ ਵਿੱਚ ਫਸਾਉਣ ਲਈ ਹੀ ਜਮੀਨ ਤੇ ਦਾਣੇ ਪਾਏ ਗਏ ਸਨ।

''ਹੁਣ ਕੀ ਕਰੀਏ?'' ਇਕ ਕਬੂਤਰ ਬੋਲਿਆ।

''ਇਕ ਹੀ ਰਾਹ ਹੈ। ਆਕਾਸ਼ ਵਿੱਚ ਉਡ ਚੱਲੀਏ।'' ਦੂਸਰਾ ਕਬੂਤਰ ਸੋਚ ਕੇ ਬੋਲਿਆ।

''ਲੇਕਿਨ ਇਹ ਜਾਲ?'' ਪਹਿਲੇ ਕਬੂਤਰ ਨੇ ਪੁੱਛਿਆ।

''ਅਸੀਂ ਸਾਰੇ ਇੱਕਠੇ ਯਤਨ ਕਰਾਂਗੇ, ਤਾਂ ਜਾਲ ਸਮੇਤ ਉਡੱ ਜਾਵਾਂਗੇ।'' ਦੂਸਰੇ ਕਬੂਤਰ ਨੇ ਸਮਝਾਇਆ।

''ਇਕਠੇ ਹੋ ਕੇ ਕੋਈ ਵੀ ਕੰਮ ਕੀਤਾ ਜਾ ਸਕਦਾ ਹੈ।''

ਦੂਸਰੇ ਕਬੂਤਰ ਦਾ ਸੁਝਾਅ ਸਾਰਿਆਂ ਨੂੰ ਪਸੰਦ ਆਇਆ। ਸਾਰੇ ਕਬੂਤਰ ਇਕੱਠੇ ਉਡੇ ਤਾਂ ਜਾਲ ਵੀ ਉਹਨਾਂ ਦੇ ਨਾਲ ਆਕਾਸ਼ ਵਿੱਚ ਉਡ ਪਿਆ। ਜਾਲ ਨੂੰ ਕਬੂਤਰਾਂ ਦੇ ਨਾਲ ਉਡਦਾ ਵੇਖ ਕੇ



ਚਿੜੀਮਾਰ ਭੱਜਿਆ। ਚਿੜੀਮਾਰ ਆਕਾਸ਼ ਵਿੱਚ ਉਡਦੇ ਹੋਏ ਕਬੂਤਰਾਂ ਦੇ ਪਿੱਛੇ ਭੱਜਣ ਲਗਾ। ਇਕ ਕਿਸਾਨ ਦੀ ਉਸ ਤੇ ਨਜ਼ਰ ਪਈ। ਚਿੜੀਮਾਰ ਨੂੰ ਕਿਸਾਨ ਬੋਲਿਆ, ''ਉਡਦੇ ਹੋਏ ਕਬੂਤਰਾਂ ਦੇ ਪਿਛੇ ਕਿਉਂ ਭੱਜ ਰਿਹਾ ਹੈ? ਮੂਰਖ! ਤੂੰ ਉਹਨਾਂ ਤੋਂ ਤੇਜ਼ ਨਹੀਂ ਦੌੜ ਸਕੇਗਾ।''

''ਜਾਣਦਾ ਹਾਂ, ਮੈਂ ਉਹਨਾਂ ਦਾ ਪਿੱਛਾ ਨਹੀਂ ਕਰ ਸਕਾਂਗਾ।''

''ਫਿਰ ਕਿਉਂ ਭੱਜ ਰਿਹਾ ਹੈ?''

''ਹਾਲਾਂ ਕਬੂਤਰਾਂ ਵਿੱਚ ਏਕਤਾ ਹੈ। ਇਸ ਲਈ ਮੇਰੇ ਜਾਲ ਨੂੰ ਉਡਾ ਕੇ ਲੈ ਜਾ ਰਹੇ ਹਨ। ਅਗਰ ਉਹਨਾਂ ਵਿੱਚ ਝਗੜਾ ਹੋ ਗਿਆ, ਤਾਂ ਉਹ ਮੇਰੇ ਵਸ਼ ਵਿੱਚ ਆ ਜਾਣਗੇ।''

ਕਬੂਤਰਾਂ ਨੂੰ ਆਕਾਸ਼ ਵਿੱਚ ਉਡਦੇ ਕਾਫੀ ਦੇਰ ਹੋ ਗਈ। ਤਦ ਦੂਸਰਾ ਕਬੂਤਰ ਬੋਲਿਆ, '' ਮੇਰੀ ਤਰਕੀਬ ਕੰਮ ਆਈ।''

'ਲੇਕਿਨ ਤਾਕਤ ਤਾਂ ਮੈਂ ਲਗਾ ਰਿਹਾ ਹਾਂ।'' ਪਹਿਲਾ ਕਬੂਤਰ ਬੋਲਿਆ।

''ਤੂੰ ਨਹੀਂ ਮੈਂ।'' ਤੀਸਰਾ ਕਬੂਤਰ ਬੋਲਿਆ।

ਆਕਾਸ਼ ਵਿੱਚ ਉਡਦੇ ਹੋਏ ਕਬੂਤਰਾਂ ਵਿੱਚ ਤੂੰ-ਤੂੰ ਮੈਂ-ਮੈਂ ਹੋਣ ਲੱਗੀ। ਸਾਰੇ ਇਕ-ਦੂਸਰੇ ਤੋਂ ਆਪਣੇ-ਆਪ ਨੂੰ ਤਾਕਤਵਰ ਦੱਸਣ ਲਗੇ। ਪਹਿਲਾਂ ਉਹ ਇਕਜੁਟ ਹੋ ਕੇ ਉਡ ਰਹੇ ਸਨ ਪਰ ਝਗੜਾ ਹੋਣ ਤੇ ਉਹਨਾਂ ਵਿੱਚ ਏਕਤਾ ਖਤਮ ਹੋ ਗਈ। ਨਤੀਜਾ, ਉਹ ਜਾਲ ਸਹਿਤ ਜ਼ਮੀਨ ਤੇ ਹੇਠਾਂ ਆ ਡਿਗੇ। ਚਿੜੀਮਾਰ ਨੇ ਉਹਨਾਂ ਨੂੰ ਫੜ ਲਿਆ।

ਪਿਆਰੇ ਬੱਚਿਉ! ਸੱਚ ਹੀ ਕਿਹਾ ਹੈ – ਏਕਤਾ ਵਿੱਚ ਸ਼ਕਤੀ ਹੈ।

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਜਵਾਬ


1) ਕਲਯੁਗ 2) ਸਲਾਰਜੰਗ ਮਿਊਜ਼ੀਅਮ
3) ਗਗਨ ਨਾਰੰਗ 4) ਵਾਰੇਨ ਹੈਸਟਿੰਗ
5) ਅੰਗ ਦੇਸ਼ 6) ਬੀਜਿੰਗ 7) ਨਿਰਵਾਚਨ ਆਯੋਗ 8) ਮਤੰਗ 9) ਅਲੈਗਜੈਂਡਰ ਫਲੇਮਿੰਗ
10) ਹਮ ਲੋਗ 11) ਸਿਨੇਗਾਗ
12) ਵਾਇਜੈਗ 13) ਲਾਰਡ ਕੇਨਿੰਗ
14) ਸ਼ਿਲਾਂਗ 15) ਨੀਲ ਆਰਮਸਟ੍ਰਾਂਗ

❐ ਰੂਪ ਨਾਰਾਇਣ

# ਜਲ ਹੀ ਜੀਵਨ ਹੈ



ਜਲ ਸੁਰੱਖਿਆ ਨੂੰ ਅਪਨਾਉ,
ਜਲ ਸੰਕਟ ਤੋਂ ਜਾਨ ਬਚਾਉ।





ਪਾਣੀ ਮਾਤਾ ਅਤੇ ਪਿਤਾ ਹੈ,
ਜਲ ਹੈ ਜੀਵਨ, ਜੀਵਨ ਹੈ ਜਲ,
ਜਲ ਬਿਨ ਜੀਵਨ ਇਕ ਚਿਤਾ ਹੈ।
ਬੂੰਦ-ਬੂੰਦ ਬਚਾਉ ਹਰ ਪਲ।



ਪਾਣੀ ਜੇ ਬਰਬਾਦ ਕਰੋਗੇ,
ਧਰਤੀ ਬੰਜਰ ਹੋ ਜਾਵੇਗੀ,
ਰੋਵੋਗੇ ਤੇ ਪਛਤਾਉਗੇ।
ਘੋਰ ਮੁਸੀਬਤ ਆ ਜਾਵੇਗੀ।

ਪਾਣੀ ਨਾਲ ਹਰ ਪਸ਼ੂ-ਪੰਛੀ,
ਅਤੇ ਆਦਮੀ ਜੀਂਦਾ ਹੈ।
ਪਿਆਸ ਜੀਵ ਦੀ ਜਲ ਨਾਲ ਬੁਝਦੀ,
ਪਿਆਸ ਲਗੇ ਜਲ ਪੀਂਦਾ ਹੈ।

ਕੂੜਾ-ਕਰਕਟ ਅਤੇ ਗੰਦਗੀ ਨੇ,
ਦੂਸ਼ਿਤ ਸਭ ਕੁਝ ਕੀਤਾ ਹੈ।
ਗੰਗਾ-ਜਮੁਨਾ ਦਾ ਪਾਣੀ ਵੀ,
ਇਸ ਨੇ ਮੈਲਾ ਕੀਤਾ ਹੈ।



# ਕੀ ਤੁਸੀਂ ਜਾਣਦੇ ਹੋ



- ਪੈਰ ਦੇ ਪੰਜੇ ਵਿੱਚ 26 ਹੱਡੀਆਂ ਹੁੰਦੀਆਂ ਹਨ।
- ਜਿਰਾਫ ਆਪਣੀ 21 ਇੰਚ ਲੰਬੀ ਜੀਭ ਨਾਲ ਆਪਣੇ ਕੰਨ ਸਾਫ਼ ਕਰਦਾ ਹੈ।
- ਇਨਸਾਨ ਦੇ ਦਿਮਾਗ ਵਿੱਚ 78 ਪ੍ਰਤੀਸ਼ਤ ਪਾਣੀ ਹੁੰਦਾ ਹੈ।
- ਧਰਤੀ ਤੇ ਹਰ ਮਿੰਟ ਵਿੱਚ 6 ਹਜ਼ਾਰ ਵਾਰ ਬਿਜਲੀ ਡਿਗਦੀ ਹੈ।
- ਊਠਣੀ ਦੇ ਦੁੱਧ ਦਾ ਦਹੀਂ ਨਹੀਂ ਜੰਮਦਾ।
- ਲਾਲਾ ਲਾਜਪਤ ਰਾਇ ਨੂੰ ਹੀ 'ਪੰਜਾਬ ਕੇਸਰੀ' ਕਿਹਾ ਜਾਂਦਾ ਹੈ।
- ਭਗਤ ਸਿੰਘ ਅਤੇ ਰਾਜਗੁਰੂ ਨੇ ਸਾਂਡਰਸ ਦੀ ਹੱਤਿਆ ਕੀਤੀ ਸੀ।
- 1857 ਈਸਵੀ ਦੇ ਵਿਦਰੋਹ ਵਿੱਚ ਸਭ ਤੋਂ ਪਹਿਲਾ ਬਲੀਦਾਨ ਮੰਗਲ ਪਾਂਡੇ ਨੇ ਦਿੱਤਾ ਸੀ।
- 1939 ਵਿੱਚ ਕਾਂਗਰਸ ਛੱਡਣ ਤੋਂ ਬਾਅਦ ਸੁਭਾਸ਼ ਚੰਦਰ ਬੋਸ ਨੇ ਫਾਰਵਰਡ ਬਲਾਕ ਦਲ ਦੀ ਸਥਾਪਨਾ ਕੀਤੀ ਸੀ।
- ਭਾਰਤ ਦੀ ਪਹਿਲੀ ਮਹਿਲਾ ਰਾਜਪਾਲ ਸਰੋਜਨੀ ਨਾਇਡੂ ਸੀ।
- ਮਾਊਂਟ ਐਵਰਿਸਟ ਤੇ ਦੋ ਵਾਰ ਚੜ੍ਹਨ ਵਾਲੀ ਪਹਿਲੀ ਮਹਿਲਾ ਸੰਤੋਸ਼ ਯਾਦਵ ਸੀ।
- 'ਬ੍ਰਹਮ ਸਮਾਜ' ਦੀ ਸਥਾਪਨਾ ਰਾਜਾ ਰਾਮਮੋਹਨ ਰਾਇ ਦੁਆਰਾ ਕੀਤੀ ਗਈ ਸੀ।
- ਸਵਾਮੀ ਦਇਆਨੰਦ ਸਰਸਵਤੀ ਦਾ ਪਹਿਲਾ ਮੂਲ ਨਾਮ ਮੂਲਸ਼ੰਕਰ ਸੀ।
- ਵੇਦਾਂ ਵੱਲ ਮੁੜੋ ਦਾ ਨਾਅਰਾ ਸਵਾਮੀ ਦਇਆਨੰਦ ਸਰਸਵਤੀ ਨੇ ਦਿੱਤਾ ਸੀ।
- 'ਰਾਮਕ੍ਰਿਸ਼ਨ ਮਿਸ਼ਨ' ਦੀ ਸਥਾਪਨਾ ਸਵਾਮੀ ਵਿਵੇਕਾਨੰਦ ਨੇ ਕੀਤੀ ਸੀ।
- ਜੇ ਇਕ ਤੋਂ 100 ਤਕ ਲਗਾਤਾਰ ਜੋੜਿਆ ਜਾਵੇ ਤਾਂ ਜੋੜ 5020 ਹੋ ਜਾਂਦਾ ਹੈ।
- ਲਗਭਗ ਇਕ ਹਜ਼ਾਰ ਲੋਕ ਹਰ ਸਾਲ ਜਵਾਲਾਮੁਖੀ ਦੀ ਚਪੇਟ ਵਿਚ ਆ ਕੇ ਮਰ ਜਾਂਦੇ ਹਨ।
- ਸੂਰਜ ਧਰਤੀ ਤੋਂ 93 ਮਿਲੀਅਨ ਮੀਲ ਦੀ ਦੂਰੀ ਤੇ ਸਥਿਤ ਹੈ।
- ਸਵਿਟਜ਼ਰਲੈਂਡ ਵਿਚ ਕਾਰ ਦਾ ਦਰਵਾਜ਼ਾ ਜ਼ੋਰ ਨਾਲ ਬੰਦ ਕਰਨਾ ਗੈਰ ਕਨੂੰਨੀ ਹੈ।
- ਜਾਨਵਰਾਂ ਵਿਚੋਂ ਹਾਥੀ ਦਾ ਦਿਮਾਗ ਸਭ ਤੋਂ ਵੱਡਾ ਹੁੰਦਾ ਹੈ।
- ਧਰਤੀ ਤੇ ਮਿਲਣ ਵਾਲਾ ਜ਼ਿਆਦਾ ਪਾਣੀ ਜੰਮਿਆ ਹੋਇਆ ਹੈ ਅਤੇ ਬਹੁਤਾ ਪਾਣੀ ਖਾਰਾ ਹੀ ਹੁੰਦਾ ਹੈ।
- ਨੀਲੀਆਂ ਅੱਖਾਂ ਵਾਲੇ ਲੋਕ ਹਨੇਰੇ ਵਿਚ ਵੇਖਣ ਲਈ ਜ਼ਿਆਦਾ ਕਾਮਯਾਬ ਹੁੰਦੇ ਹਨ।
- ਸ਼ੁਕਰਗ੍ਰਹਿ ਇਕ ਇਹੋ ਜਿਹਾ ਗ੍ਰਹਿ ਹੈ ਜੋ ਘੜੀ ਦੀਆਂ ਸੂਈਆਂ ਵਾਂਗ ਘੁੰਮਦਾ ਹੈ।
- ਪੁਲਾੜ ਯਾਤਰੀ ਬਿਨਾਂ ਰੇਡੀਓ ਤੋਂ ਵੀ ਪੁਲਾੜ ਵਿਚ ਗੱਲ ਕਰ ਸਕਦੇ ਹਨ ਕਿਉਂਕਿ ਉਹਨਾਂ ਦੇ ਹੈਲਮੇਟ ਉਹਨਾਂ ਨੂੰ ਇਕ ਦੂਜੇ ਨਾਲ ਜੋੜ ਕੇ ਰੱਖਦੇ ਹਨ। ਉਹਨਾਂ ਦੇ ਹੈਲਮਿਟ ਹੀ ਧੁਨੀ ਨੂੰ ਤਰੰਗਿਤ ਕਰਦੇ ਹਨ।

ਸੰਗ੍ਰਹਿਕਰਤਾ

❒ ਜਗਤਾਰ ਚਮਨ

ਬਾਲ ਕਹਾਣੀ : ਉਦੈ ਕੁਮਾਰ

# ਕਾਲਾ ਕਾਂ ਅਤੇ ਪੀਲੀ ਚਿੜੀ

ਰੁੱਖ ਤੇ ਬੈਠਾ ਕਾਂ ਟਹਿਣੀ ਤੇ ਚੁੰਝ ਮਾਰ ਰਿਹਾ ਸੀ। ਚੁੰਝ ਸਾਫ ਕਰਕੇ ਕਾਂ ਨੇ ਚਾਰੇ ਪਾਸੇ ਨਜ਼ਰ ਦੌੜਾਈ ਤਾਂ ਉਹਨੂੰ 'ਫੜੋ-ਫੜੋ' ਦਾ ਸ਼ੋਰ ਸੁਣਾਈ ਦਿਤਾ। ਉਸ ਨੇ ਵੇਖਿਆ ਦੋ ਲੜਕੇ ਇਕ ਪੀਲੀ ਚਿੜੀ ਦੇ ਪਿਛੇ ਲਗੇ ਹੋਏ ਸਨ। ਪੀਲੀ ਚਿੜੀ ਇਕ ਝਾੜੀ ਦੇ ਹੇਠਾਂ ਦੁਬਕ ਗਈ। ਐਨੇ ਵਿੱਚ ਕਾਂ ਵੀ ਉਥੇ ਆ ਪਹੁੰਚਾ। ਕਾਂ ਨੇ ਪੀਲੀ ਚਿੜੀ ਤੋਂ ਪੁੱਛਿਆ- ਕੌਣ ਹੈ ਤੂੰ?

ਉਹ ਬੋਲੀ- ਮੈਂ ਚਿੜੀ ਹਾਂ।

– ਤੂੰ ਆਈ ਕਿਥੋਂ? – ਕਾਂ ਨੇ ਪੁੱਛਿਆ।

– ਮੈਂ ਪਿੰਜਰੇ ਵਿੱਚ ਰਹਿੰਦੀ ਸੀ। ਇਕ ਦਿਨ ਇਕ ਲੜਕੀ ਕਟੋਰੀ ਵਿੱਚ ਪਾਣੀ ਲਿਆਈ। ਉਸ ਨੇ ਪਿੰਜਰੇ ਦਾ ਦਰਵਾਜਾ ਖੋਲ੍ਹਿਆ ਅਤੇ ਮੈਂ ਬਾਹਰ ਨਿਕਲ ਗਈ। ਇਹਨਾਂ ਲੜਕਿਆਂ ਨੇ ਮੈਨੂੰ ਵੇਖ ਲਿਆ ਅਤੇ ਮੇਰੀ ਜਾਨ ਦੇ ਦੁਸ਼ਮਣ ਹੋ ਗਏ। – ਚਿੜੀ ਬੋਲੀ।

– ਖੈਰ, ਕਿਸੇ ਤੋਂ ਡਰਨਾ ਨਹੀਂ, ਪਰ ਹੁਣ ਤੂੰ ਜੀਵੇਂਗੀ ਕਿਵੇਂ? – ਕਾਂ ਨੇ ਕਿਹਾ।

– ਮੇਰੀ ਤਾਂ ਬਹੁਤ ਥੋੜੀ ਜਿਹੀ ਲੋੜ ਹੈ; ਬਸ ਕੁਝ ਦਾਣੇ। -ਚਿੜੀ ਬੋਲੀ।

– ਤੂੰ ਮੇਰੇ ਨਾਲ ਰਹੇਗੀ? ਅੰਬ ਦੇ ਰੁੱਖ ਤੇ ਮੇਰਾ ਆਲ੍ਹਣਾ ਹੈ।– ਕਾਂ ਨੇ ਪੁੱਛਿਆ।

ਪੀਲੀ ਚਿੜੀ ਤੁਰੰਤ ਮੰਨ ਗਈ। ਕਾਂ ਅਤੇ ਪੀਲੀ ਚਿੜੀ ਇਕ ਆਲ੍ਹਣੇ ਵਿੱਚ ਰਹਿਣ ਲੱਗੇ। ਕਦੇ-ਕਦੇ ਪੀਲੀ ਚਿੜੀ ਸੋਚ ਵਿੱਚ ਡੁੱਬ ਜਾਂਦੀ। ਆਪਣੀ ਕਿਸਮਤ ਦੇ ਬਾਰੇ ਵਿੱਚ ਸੋਚਦੀ ਰਹਿੰਦੀ, ਸ਼ਾਇਦ ਪਿੰਜਰੇ ਵਿੱਚ ਹੀ ਰਹਿਣਾ ਚੰਗਾ ਹੁੰਦਾ। ਉਥੇ ਪੇਟ ਵੀ ਭਰਿਆ ਰਹਿੰਦਾ ਸੀ। ਉਹ ਕਈ ਵਾਰ ਉਸ ਘਰ ਤਕ ਗਈ ਵੀ ਜਿਥੇ ਪਿੰਜਰਾ ਰੱਖਿਆ ਹੋਇਆ ਸੀ। ਉਸ ਵਿੱਚ ਹੁਣ ਦੋ ਤੋਤੇ ਬੈਠੇ ਹੋਏ ਸਨ। ਚਿੜੀ ਉਹਨਾਂ ਨਾਲ ਈਰਖਾ ਕਰਨ ਲਗੀ।

ਇਕ ਦਿਨ ਸਵੇਰੇ ਪੀਲੀ ਚਿੜੀ ਨੇ ਬਾਹਰ ਝਾਕ ਕੇ ਵੇਖਿਆ। ਚਾਰੇ ਪਾਸੇ ਸਭ ਕੁਝ ਸਫੈਦ ਸੀ। ਰਾਤ ਨੂੰ ਬਰਫ ਪਈ ਸੀ। ਸਭ ਤੋਂ ਵੱਡੀ ਗੱਲ ਤਾਂ ਇਹ ਸੀ ਕਿ ਉਹ ਦਾਣੇ ਵੀ ਬਰਫ ਹੇਠਾਂ ਦੱਬ ਗਏ ਸਨ, ਜੋ ਪੀਲੀ ਚਿੜੀ ਖਾਇਆ ਕਰਦੀ ਸੀ। ਦੋ ਦਿਨ ਤਕ ਭੁੱਖੀ ਰਹਿ ਕੇ ਪੀਲੀ ਚਿੜੀ ਬਿਲਕੁਲ ਹਤਾਸ਼ ਹੋ ਗਈ। ਉਹ ਉਂਝ ਵੀ ਦੁੱਖ ਵਿੱਚ ਡੁੱਬੀ ਬੈਠੀ ਸੀ। ਅਚਾਨਕ ਉਸ ਨੇ ਲੜਕਿਆਂ ਨੂੰ ਬਾਗ ਵਿੱਚ ਆਉਂਦੇ ਵੇਖਿਆ।



ਲੜਕਿਆਂ ਨੇ ਜ਼ਮੀਨ ਤੇ ਜਾਲ ਵਿਛਾਇਆ, ਦਾਣੇ ਸੁੱਟੇ ਅਤੇ ਭੱਜ ਗਏ।

– ਅਰੇ ਇਹ ਲੜਕੇ ਕਿੰਨੇ ਚੰਗੇ ਹਨ। ਹੇਠਾਂ ਵਿਛੇ ਜਾਲ ਨੂੰ ਵੇਖ ਕੇ ਪੀਲੀ ਚਿੜੀ ਖੁਸ਼ ਹੋ ਕੇ ਬੋਲੀ – ਕਾਂ ਵੀਰ, ਲੜਕੇ ਮੇਰੇ ਲਈ ਦਾਣਾ ਲਿਆਏ ਹਨ।

ਕਾਂ ਬੁੜਬੜਾਇਆ– ਖਬਰਦਾਰ ਜੋ ਉਧਰ ਗਈ, ਸੁਣਿਆ ਤੂੰ? ਜਿਉਂ ਹੀ ਦਾਣਾ ਚੁਗਣ ਲੱਗੇਗੀ ਫੌਰਨ ਜਾਲ ਵਿੱਚ ਫਸ ਜਾਉਗੀ।

– ਫਿਰ ਕੀ ਹੋਏਗਾ? – ਚਿੜੀ ਨੇ ਪੁੱਛਿਆ।

– ਫਿਰ ਦੁਬਾਰਾ ਤੈਨੂੰ ਪਿੰਜਰੇ ਵਿੱਚ ਬੰਦ ਕਰ ਦੇਣਗੇ। ਕਾਂ ਨੇ ਕਿਹਾ।

ਵਿਚਾਰੀ ਪੀਲੀ ਚਿੜੀ ਸੋਚ ਵਿੱਚ ਪੈ ਗਈ। ਕੁਝ ਦਿਨ ਤਕ ਤਾਂ ਉਹ ਮਨ ਕਰੜਾ ਕਰਕੇ ਰਹੀ, ਲੇਕਿਨ ਭੁੱਖ ਤੇ ਕਦ ਤਕ ਜੋਰ ਚੱਲਦਾ ਹੈ। ਉਹ ਦਾਣਿਆਂ ਦੇ ਲਾਲਚ ਵਿੱਚ ਆ ਗਈ ਅਤੇ ਜਾਲ ਵਿੱਚ ਫਸ ਗਈ। ਫਿਰ 'ਮੈਨੂੰ ਬਚਾਉ', 'ਮੈਨੂੰ ਬਚਾਉ' ਦੀ ਦਰਦ ਭਰੀ ਆਵਾਜ਼ ਵਿੱਚ ਚੀਕਣ ਲੱਗੀ। ਹੁਣ ਉਹ ਸੋਚਣ ਲੱਗੀ ਕਿ ਇਸ ਦੁਨੀਆਂ ਵਿੱਚ ਕਾਂ ਦੇ ਆਲ੍ਹਣੇ ਤੋਂ ਬਿਹਤਰ ਜਗ੍ਹਾ ਹੋਰ ਕਿਤੇ ਨਹੀਂ ਹੈ। ਬੇਸ਼ਕ ਉਥੇ ਠੰਡ ਹੁੰਦੀ ਸੀ ਅਤੇ ਭੁੱਖੇ ਰਹਿਣਾ ਪੈਂਦਾ ਸੀ, ਪਰ ਆਜ਼ਾਦੀ ਤਾਂ ਪੂਰੀ ਸੀ। ਜਿਧਰ ਜੀਅ ਚਾਹੁੰਦਾ, ਉਧਰ ਉਡ ਸਕਦੀ ਸੀ। ਉਹ ਰੋ ਪਈ।

ਉਸ ਦੀ ਖੁਸ਼ਕਿਸਮਤੀ ਸੀ ਕਿ ਕਾਂ ਉਧਰ ਹੀ ਉਡ ਰਿਹਾ ਸੀ। ਉਸ ਨੇ ਵੇਖਿਆ ਕਿ ਪੀਲੀ ਚਿੜੀ ਤਾਂ ਜਾਲ ਵਿੱਚ ਫਸੀ ਪਈ ਹੈ।

– ਵਾਹ ਰੀ ਬੁੱਧੂ। ਮੈਂ ਕਿਹਾ ਸੀ ਨਾ ਕਿ ਇਹਨਾਂ ਦਾਣਿਆਂ ਨੂੰ ਨਾ ਛੂਹਣਾ। – ਕਾਂ ਬੁੜਬੜਾਇਆ।


– ਫਿਰ ਕਦੇ ਅਜਿਹਾ ਨਹੀਂ ਕਰਾਂਗੀ।– ਚਿੜੀ ਰੋਣਹਾਕੀ ਹੋ ਕੇ ਬੋਲੀ।

ਕਾਂ ਠੀਕ ਸਮੇਂ ਤੇ ਆ ਗਿਆ ਸੀ। ਲੜਕੇ ਆਪਣਾ ਸ਼ਿਕਾਰ ਫੜਨ ਲਈ ਭੱਜੇ ਆ ਰਹੇ ਸਨ, ਲੇਕਿਨ ਕਾਂ ਨੇ ਬਾਰੀਕ ਜਾਲ ਪਾੜ ਦਿੱਤਾ ਅਤੇ ਚਿੜੀ ਆਜ਼ਾਦ ਹੋ ਗਈ। ਲੜਕੇ ਬੜੀ ਦੇਰ ਤਕ ਕਾਂ ਦੇ ਪਿਛੇ ਭੱਜਦੇ ਰਹੇ, ਉਹ ਉਸ ਨੂੰ ਪੱਥਰ ਮਾਰ ਰਹੇ ਸਨ।

– ਕਿੰਨਾ ਚੰਗਾ ਹੋਇਆ। – ਪੀਲੀ ਚਿੜੀ ਫਿਰ ਤੋਂ ਆਪਣੇ ਆਲ੍ਹਣੇ ਵਿੱਚ ਪਹੁੰਚ ਕੇ ਖੁਸ਼ ਹੋ ਰਹੀ ਸੀ।

– ਹਾਂ, ਹੁਣ ਤਾਂ ਚੰਗਾ ਹੋਇਆ ਪਰ ਅਗੇ ਤੋਂ ਖਬਰਦਾਰ ਰਹਿਣਾ। – ਕਾਂ ਬੁੜਬੁੜਾ ਰਿਹਾ ਸੀ। ਪੀਲੀ ਚਿੜੀ ਫਿਰ ਤੋਂ ਕਾਂ ਦੇ ਆਲ੍ਹਣੇ ਵਿੱਚ ਰਹਿਣ ਲੱਗੀ। ਹੁਣ ਉਹ ਠੰਡ ਅਤੇ ਭੁੱਖ ਦੀ ਸ਼ਿਕਾਇਤ ਨਹੀਂ ਕਰਦੀ ਸੀ।

ਪਿਆਰੇ ਬੱਚਿਓ! ਯਾਦ ਰੱਖਣਾ ਕਿ ਆਜ਼ਾਦੀ ਦਾ ਆਪਣਾ ਹੀ ਆਨੰਦ ਹੈ।



ਕਵਿਤਾ - ਓਮਕਾਰ ਸੂਦ

# ਆਜ਼ਾਦੀ



ਆਜ਼ਾਦੀ ਮਸਾਂ ਥਿਆਈ।
ਇਹਨੂੰ ਸਾਂਭ-ਸਾਂਭ ਕੇ ਰੱਖੀਏ।।
ਇਹਦੀ ਖਾਤਿਰ-
ਅਸਾਂ ਗਵਾ ਲਏ ਲੱਖਾਂ ਲਾਲ।।
ਦੇਸ ਲਈ ਕੁਰਬਾਨ-
ਲੱਖਾਂ ਯੋਧਿਆਂ ਨੂੰ ਯਾਦ ਕਰਕੇ,
ਇਨ੍ਹਾਂ ਦੇ ਨਾਂ ਦੀ ਮਾਲਾ ਜਪੀਏ!

ਇਸ ਵਿੱਚ ਹੀ ਸਾਡੀ
ਸੱਚੀ ਦੇਸ਼ ਭਗਤੀ!!
ਯਾਦ ਰੱਖੀਏ-
ਸੁਭਾਸ਼ ਚੰਦਰ ਬੋਸ ਦੇ ਅਸੂਲ!
ਭੁੱਲੀਏ ਨਾ ਕਦੇ-
ਸ਼ਹੀਦ ਭਗਤ ਸਿੰਘ ਦੀ ਲਾਸਾਨੀ ਸ਼ਹਾਦਤ!!
ਕਰੀਏ ਸਦਾ-
ਦੇਸ਼ ਭਗਤਾਂ ਦੀ ਵਡਿਆਈ!!!

ਹਿੰਦੂ-ਮੁਸਲਿਮ-ਸਿੱਖ-ਈਸਾਈ,
ਰਹੀਏ ਸਕਿਆਂ ਭਾਈਆਂ ਵਾਂਗ!
ਮਿਟਾਈਏ ਦੂਰੀਆਂ,
ਹਰ ਧਰਮ-
ਆਪਣਾ ਸਮਝ ਕੇ,
ਕਰੀਏ ਸਭ ਧਰਮਾਂ ਦਾ ਸਨਮਾਨ!!
ਨਾ ਕਰੀਏ,
ਤੂੰ-ਤੂੰ, ਮੈਂ-ਮੈਂ।

ਏਕਤਾ ਅਤੇ ਮੁਹੱਬਤ ਦੀ-
ਜੋਤੀ ਬਾਲੀਏ।
ਮਿਲ ਕੇ ਰਹੀਏ,
ਲੜੀਏ ਨਾ ਕਦੇ ਵੀ।
ਚੁਭਵੀਂ ਕਿਸੇ ਨੂੰ ਕਹਿਣ ਤੋਂ ਪਹਿਲਾਂ
ਸੌ ਵਾਰ ਸੋਚੀਏ,
ਬਿਨਾਂ ਸੋਚੇ ਕੁਝ ਨਾ ਬੋਲੀਏ।

ਬਹੁਤ ਸਹਿ ਲਈ ਪੀੜ
ਅਸਾਂ ਗੁਲਾਮੀ ਦੀ,
ਹੁਣ ਤਾਂ ਆਜ਼ਾਦੀ ਲਈ
ਜੀਵੀਏ-ਮਰੀਏ
ਇਹਨੂੰ ਸਾਂਭ ਕੇ ਰੱਖੀਏ,
ਇਹ ਹੈ ਬੜੀ ਅਨਮੋਲ!!!

ਬਾਲ ਕਹਾਣੀ : ਸ਼ਰਨਜੀਤ

# ਬਿਨ ਮਿਹਨਤ ਸਭ ਸੁਨਸਾਨ



ਇਕ ਪਿੰਡ ਵਿੱਚ ਜੈਨਾਥ ਨਾਮ ਦਾ ਇਕ ਕਿਸਾਨ ਸੀ। ਪਿੰਡ ਤੋਂ ਕੁਝ ਦੂਰੀ ਤੇ ਉਬੜ-ਖਾਬੜ ਇੱਕ ਬੰਜ਼ਰ ਜ਼ਮੀਨ ਸੀ। ਜੈਨਾਥ ਨੇ ਉਸ ਬੰਜ਼ਰ ਜ਼ਮੀਨ ਨੂੰ ਹਰਿਆ-ਭਰਿਆ ਬਣਾਉਣ ਦੀ ਯੋਜਨਾ ਬਣਾਈ। ਜੈਨਾਥ ਅੰਬ ਦੇ ਢੇਰ ਸਾਰੇ ਪੌਦੇ ਖਰੀਦ ਕੇ ਲੈ ਆਇਆ। ਅੰਬ ਦੇ ਪੌਦਿਆਂ ਨੂੰ ਉਸ ਨੇ ਬੰਜ਼ਰ ਜ਼ਮੀਨ ਤੇ ਲਗਾ ਦਿੱਤਾ। ਉਹ ਹਰ ਰੋਜ਼ ਸਵੇਰੇ ਉਠ ਕੇ ਉਥੇ ਜਾਂਦਾ ਅਤੇ ਉਥੇ ਅੰਬ ਦੇ ਪੌਦਿਆਂ ਦੀ ਸਿੰਚਾਈ ਕਰਦਾ ਅਤੇ ਪਸ਼ੂਆਂ ਤੋਂ ਉਹਨਾਂ ਦੀ ਰੱਖਿਆ ਕਰਵਾਉਣ ਲਈ ਵਾੜ ਦਾ ਘੇਰਾ ਬਣਾਉਂਦਾ। ਉਹ ਸਮੇਂ-ਸਮੇਂ ਤੇ ਉਹਨਾਂ ਲਈ ਖਾਦ-ਮਿੱਟੀ ਅਤੇ ਪਾਣੀ ਦਾ ਵੀ ਪ੍ਰਬੰਧ ਕਰਦਾ ਸੀ। ਜੈਨਾਥ ਨੂੰ ਉਹਨਾਂ ਰੁੱਖਾਂ ਨਾਲ ਐਨਾ ਲਗਾਵ ਹੋ ਗਿਆ ਕਿ ਉਹ ਆਪਣਾ ਕਾਫੀ ਸਮਾਂ ਉਹਨਾਂ ਦੀ ਦੇਖਭਾਲ ਵਿੱਚ ਗੁਜ਼ਾਰਦਾ ਸੀ। ਮਿਹਨਤੀ ਜੈਨਾਥ ਦੀ ਮਿਹਨਤ ਰੰਗ ਲਿਆਈ। ਸੁਨਸਾਨ ਅਤੇ ਵੀਰਾਨ ਰਹਿਣ ਵਾਲੀ ਬੰਜ਼ਰ ਜ਼ਮੀਨ ਕੁਝ ਹੀ ਦਿਨਾਂ ਵਿੱਚ ਹਰੇ-ਭਰੇ ਰੁੱਖਾਂ ਨਾਲ ਲਹਿਲਹਾਉਣ ਲੱਗੀ। ਫਲਾਂ ਦੀ ਚੰਗੀ ਫਸਲ ਵੇਖ ਕੇ ਪਿੰਡ ਦੇ ਕੁਝ ਲੋਕਾਂ ਨੂੰ ਈਰਖਾ ਹੋਣ ਲੱਗੀ। ਉਹ ਲੋਕ ਉਸ ਜ਼ਮੀਨ ਤੇ ਆਪਣਾ ਹੱਕ ਜਤਾਉਣ ਲੱਗੇ। ਗੱਲ ਅਗੇ ਵਧੀ ਅਤੇ ਜੈਨਾਥ ਨੂੰ ਪਿੰਡ ਦੀ ਪੰਚਾਇਤ ਬੁਲਾਉਣੀ ਪਈ। ਪੰਚਾਇਤ ਨੇ ਫੈਸਲਾ ਦਿੱਤਾ ਕਿ ਜਦ ਤਕ ਉਸ ਜ਼ਮੀਨ ਤੇ ਜੈਨਾਥ ਦੇ ਰੁੱਖ ਹਨ ਉਹ ਭੂਮੀ ਜੈਨਾਥ ਦੀ ਹੀ ਮੰਨੀ ਜਾਵੇਗੀ।

ਇਹ ਨਿਰਣਾ ਸੁਣ ਕੇ ਜੈਨਾਥ ਨੂੰ ਕਾਫੀ ਖੁਸ਼ੀ ਹੋਈ। ਉਹ ਭੱਜਾ-ਭੱਜਾ ਆਪਣੇ ਅੰਬ ਦੇ ਰੁੱਖਾਂ ਦੇ ਕੋਲ ਗਿਆ। ਅੰਬ ਦੇ ਰੁੱਖਾਂ ਨੂੰ ਦੋਹਾਂ ਹੱਥਾਂ ਵਿੱਚ ਫੜ ਕੇ ਮੁਸਕਰਾਉਣ ਲੱਗਾ। ਮੰਨੋ ਕਿ ਉਹ ਮਨ ਹੀ ਮਨ ਕਹਿ ਰਿਹਾ ਹੋਵੇ ਕਿ ਹੁਣ ਤੁਹਾਨੂੰ ਡਰਨ ਦੀ ਕੋਈ ਲੋੜ ਨਹੀਂ।

ਜੈਨਾਥ ਦੀ ਮੌਤ ਦੇ ਬਾਅਦ ਉਸ ਦੇ ਬੇਟੇ ਵੱਖ-ਵੱਖ ਰਹਿਣ ਲੱਗੇ। ਜੈਨਾਥ ਦੇ ਬੇਟੇ ਉਹਨਾਂ ਰੁੱਖਾਂ ਨੂੰ ਖਾਦ, ਮਿੱਟੀ ਅਤੇ ਉਹਨਾਂ ਦੀ ਸਿੰਚਾਈ ਵੱਲ ਧਿਆਨ ਨਹੀਂ ਦਿੰਦੇ ਸਨ। ਹੌਲੀ-ਹੌਲੀ ਸਾਰੇ ਰੁੱਖ ਸੁਕਣ ਦੀ ਹਾਲਾਤ ਤੇ ਪਹੁੰਚ ਗਏ ਅਤੇ ਜੋ ਬਚੇ ਸਨ ਉਹ ਇਕ ਵੱਡੀ ਹਨ੍ਹੇਰੀ-ਤੁਫਾਨ ਵਿੱਚ ਡਿਗ ਗਏ। ਹੁਣ ਉਸ ਜ਼ਮੀਨ ਤੇ ਕੁਝ ਗਿਣੇ-ਚੁਣੇ ਰੁੱਖ ਰਹਿ ਗਏ ਸਨ। ਉਹਨਾਂ ਰੁੱਖਾਂ ਨੂੰ ਵੇਖ ਕੇ ਇੰਝ ਲੱਗਦਾ ਸੀ ਜਿਵੇਂ ਉਹ ਰੁੱਖ ਜੈਨਾਥ ਦੇ ਬੇਟਿਆਂ ਨੂੰ ਕਹਿ ਰਹੇ ਹੋਣ ਕਿ ਹਾਲਾਂ ਵੀ ਵਕਤ ਹੈ ਸਾਨੂੰ ਬਚਾ ਲਉ ਪ੍ਰੰਤੂ ਜੈਨਾਥ ਦੇ ਬੇਟੇ ਸ਼ਹਿਰ ਜਾ ਕੇ ਆਧੁਨਿਕਤਾ ਵਿੱਚ ਗਵਾਚ ਗਏ।

ਜਦ ਉਹ ਪਿੰਡ ਵਾਪਸ ਆਏ ਤਾਂ ਵੇਖਿਆ ਕਿ ਉਹ ਰੁੱਖ ਆਪਣੇ ਜੀਵਨ ਦੇ ਆਖਰੀ ਸਾਹ ਗਿਣ ਰਹੇ ਸਨ। ਉਹਨਾਂ ਨੇ ਉਸ ਜ਼ਮੀਨ ਤੇ ਫਿਰ ਅੰਬ ਦੇ ਪੌਦੇ ਲਗਾਉਣ ਦਾ ਕੰਮ ਸ਼ੁਰੂ ਕਰਨਾ ਚਾਹਿਆ ਪ੍ਰੰਤੂ ਉਚਿਤ ਦੇਖਭਾਲ ਦੀ ਘਾਟ ਕਾਰਣ ਉਹ ਅੰਬ ਦੇ ਰੁੱਖ ਨਹੀਂ ਲਗਾ ਸਕੇ।

ਆਖਿਰਕਾਰ ਜੈਨਾਥ ਦੇ ਬੇਟਿਆਂ ਨੇ ਪੂਰੇ ਟਿਲੇ ਤੇ ਬਬੂਲ ਦੇ ਰੁੱਖ ਲਗਾ ਦਿੱਤੇ। ਜਿਸ ਨਾਲ ਮਿੱਠੇ ਫਲ ਤਾਂ ਉਹਨਾਂ ਨੂੰ ਨਹੀਂ ਮਿਲੇ, ਬਸ ਕੰਡਿਆਂ ਵਾਲੀਆਂ ਬਬੂਲ ਦੀਆਂ ਲੱਕੜਾਂ ਨਾਲ ਹੀ ਉਹਨਾਂ ਨੂੰ ਸੰਤੋਖ ਕਰਨਾ ਪਿਆ। ■



ਰਾਜਕੁਮਾਰ

# ਨਿੰਬੂ

## ਉਪਯੋਗਤਾ ਨਾਲ ਭਰਪੂਰ :

ਨਿੰਬੂ ਇਕ ਮਾਤਰ ਅਜਿਹਾ ਫਲ ਹੈ, ਜੋ ਦੇਸ਼ ਦੇ ਕੋਨੇ-ਕੋਨੇ ਵਿੱਚ ਸਹਿਜਤਾ ਨਾਲ ਪ੍ਰਾਪਤ ਹੋ ਜਾਂਦਾ ਹੈ ਅਤੇ ਸਾਲ ਭਰ ਆਸਾਨੀ ਨਾਲ ਮਿਲ ਜਾਂਦਾ ਹੈ। ਨਿੰਬੂ ਇਕ ਅਤਿਅੰਤ ਉਪਯੋਗੀ ਫਲ ਹੈ। ਨਿੰਬੂ ਵਿਟਾਮਿਨ-ਸੀ ਦਾ ਇਕ ਬਹੁਤ ਵੱਡਾ ਸਰੋਤ ਹੈ। ਨਿੰਬੂ ਨਾ ਕੇਵਲ ਸਿਹਤ ਲਈ ਫਾਇਦੇਮੰਦ ਹੈ, ਬਲਕਿ ਸੁੰਦਰਤਾ ਲਈ ਵੀ ਇਹ ਉਪਯੋਗੀ ਹੈ। ਜਿਥੇ ਵੀ ਗੰਦਗੀ ਜਾਂ ਮੈਲ ਹੁੰਦੀ ਹੈ, ਖਟਾਸ ਉਹਨੂੰ ਦੂਰ ਕਰਦੀ ਹੈ। ਚਾਹੇ ਇਹ ਗੰਦਗੀ ਚਮੜੀ ਵਿੱਚ ਹੋਵੇ ਜਾਂ ਖ਼ੂਨ ਜਾਂ ਹੱਡੀ ਵਿੱਚ। ਆਯੁਰਵੈਦਿਕ ਵਿੱਚ ਨਿੰਬੂ ਨੂੰ ਪਿਆਸ ਬੁਝਾਉਣ ਵਾਲਾ ਅਤੇ ਭੁੱਖ ਵਧਾਉਣ ਵਾਲਾ ਕਿਹਾ ਗਿਆ ਹੈ। ਆਯੁਰਵੈਦਿਕ ਅਤੇ ਯੂਨਾਨੀ ਦਵਾਈਆਂ ਵਿੱਚ ਨਿੰਬੂ ਦਾ ਰਸ ਬਹੁਤ ਇਸਤੇਮਾਲ ਕੀਤਾ ਜਾਂਦਾ ਹੈ।

ਜ਼ਿਆਦਾਤਰ ਵਿਗਿਆਨਕਾਂ ਦੀ ਰਾਇ ਹੈ ਕਿ ਨਿੰਬੂ ਦਾ ਮੂਲ-ਸਥਾਨ ਭਾਰਤ ਹੀ ਹੈ। ਡਿਕਸ਼ਨਰੀ ਆਫ ਐਪਲਾਇਡ ਕੇਮਿਸਟਰੀ' ਦੇ ਮੁਤਾਬਿਕ ਨਿੰਬੂ ਦਾ ਜਨਮ ਤਾਂ ਭਾਰਤ ਵਿੱਚ ਹੀ ਹੋਇਆ ਹੈ ਲੇਕਿਨ ਉਤਪਾਦਨ ਦੀ ਦ੍ਰਿਸ਼ਟੀ ਨਾਲ ਹੁਣ ਅਮਰੀਕਾ ਅਗੇ ਹੈ।

ਨਿੰਬੂ ਪੋਸ਼ਕ ਤੱਤਾਂ ਨਾਲ ਭਰਪੂਰ ਹੈ ਪ੍ਰਤੀ ਸੌ ਗ੍ਰਾਮ ਨਿੰਬੂ ਵਿੱਚ ਪਾਏ ਜਾਣ ਵਾਲੇ ਪੋਸ਼ਕ ਤੱਤ ਹੇਠ ਲਿਖੇ ਅਨੁਸਾਰ ਹਨ :-

ਕੈਲੋਰੀ : 57.0 ਮਿਲੀਗ੍ਰਾਮ, ਲੋਹ ਤੱਤ : 2.3 ਮਿਲੀਗ੍ਰਾਮ, ਨਾਯਸਿਨ: 0.1 ਮਿਲੀਗ੍ਰਾਮ, ਕੈਲਸ਼ੀਅਮ: 70.0 ਮਿਲੀਗ੍ਰਾਮ, ਪ੍ਰੋਟੀਨ : 1.0 ਮਿਲੀਗ੍ਰਾਮ ਵਿਟਾਮਿਨ-ਸੀ : 39.0 ਮਿਲੀਗ੍ਰਾਮ।

ਨਿੰਬੂ ਦੇ ਇਸ ਰਾਸਾਇਣਕ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੈ ਕਿ ਇਹ ਸਿਹਤ ਲਈ ਇਕ ਉਪਯੋਗੀ ਫਲ ਹੈ। ਨਿੰਬੂ ਦੀਆਂ ਅਨੇਕਾਂ ਕਿਸਮਾਂ ਪ੍ਰਚਲਿਤ ਹਨ ਜਿਵੇਂ :- ਗਲਗਲ, ਬਿਜੋਰਾ, ਜਮੀਰੀ, ਕਾਗਜ਼ੀ, ਗੁਦੜੀਆ, ਨੇਪਾਲੀ ਆਦਿ।

ਸਿਹਤ ਦੀ ਦ੍ਰਿਸ਼ਟੀ ਨਾਲ ਕਾਗਜੀ ਨਿੰਬੂ ਸਰਵਸ੍ਰੇਸ਼ਠ ਹੁੰਦਾ ਹੈ। ਕਾਗਜੀ ਨਿੰਬੂ ਦਾ ਸ਼ਿਲਕਾ ਬੇਹੱਦ ਪਤਲਾ ਹੁੰਦਾ ਹੈ ਅਤੇ ਇਸ ਵਿੱਚ ਰਸ ਵੀ ਬਾਕੀ ਨਿੰਬੂਆਂ ਦੀ ਬਜਾਏ ਜ਼ਿਆਦਾ ਹੁੰਦਾ ਹੈ। ਆਚਾਰ, ਮੁਰੱਬਿਆਂ ਅਤੇ ਆਯੁਰਵੈਦਿਕ ਦਵਾਈਆਂ ਵਿੱਚ ਕਾਗਜੀ ਨਿੰਬੂ ਹੀ ਇਸਤੇਮਾਲ ਕੀਤਾ ਜਾਂਦਾ ਹੈ। ਨਿੰਬੂ ਖਰੀਦਦੇ ਸਮੇਂ ਆਪ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖੋ ਕਿ ਉਸ ਦਾ ਆਕਾਰ ਵੱਡਾ ਹੋਵੇ, ਉਹ ਸਾਫ਼ ਅਤੇ ਗਹਿਰੇ ਪੀਲੇ ਰੰਗ ਦਾ ਹੋਵੇ ਅਤੇ ਛਿਲਕਾ ਪਤਲਾ ਅਤੇ ਮੁਲਾਇਮ ਹੋਵੇ। ਪੀਲੇ ਨਿੰਬੂ ਪ੍ਰਾਪਤ ਨਾ ਹੋਣ ਦੀ ਦਿਸ਼ਾ ਵਿੱਚ ਹਰੇ ਰੰਗ ਦੇ ਨਿੰਬੂ ਇਸਤੇਮਾਲ ਕੀਤੇ ਜਾ ਸਕਦੇ ਹਨ। ਫਰਿੱਜ ਵਿੱਚ ਨਿੰਬੂਆਂ ਨੂੰ ਲਗਭਗ ਡੇਢ ਮਹੀਨੇ ਤਕ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

ਸਰੀਰ ਵਿੱਚ ਵਿਟਾਮਿਨ-ਸੀ ਦੀ ਘਾਟ ਨਾਲ ਸਕਰਵੀ ਰੋਗ ਹੋ ਜਾਂਦਾ ਹੈ। ਇਸ ਨਾਲ ਮਸੂੜਿਆਂ ਵਿਚੋਂ ਖ਼ੂਨ ਆਉਣ ਲੱਗਦਾ ਹੈ। ਇਹ ਰੋਗ ਹੋ ਜਾਣ



ਤੇ ਫਾਇਦੇਮੰਦ ਹੋਵੇਗਾ ਕਿਉਂਕਿ ਨਿੰਬੂ ਵਿਟਾਮਿਨ-ਸੀ ਦਾ ਭਰਪੂਰ ਸਰੋਤ ਹੈ। ਨਿੰਬੂ ਦਾ ਰਸ ਮਸੂੜਿਆਂ ਤੇ ਲਗਾਉਣ ਨਾਲ ਵੀ ਖ਼ੂਨ ਵਹਿਣਾ ਬੰਦ ਹੋ ਜਾਂਦਾ ਹੈ।

ਆਉ, ਹੁਣ ਨਿੰਬੂ ਦੇ ਕੁਝ ਉਪਯੋਗੀ ਨੁਸਖੇ ਜਾਣੀਏ –

- ❖ ਅਗਰ ਆਪ ਨੂੰ ਕਬਜ਼ ਦੀ ਸ਼ਿਕਾਇਤ ਹੈ ਤਾਂ ਹਰ ਰੋਜ਼ ਸਵੇਰੇ ਗੁਣਗੁਣੇ ਪਾਣੀ ਦੇ ਇਕ ਗਿਲਾਸ ਵਿੱਚ ਇਕ ਨਿੰਬੂ ਦਾ ਰਸ ਮਿਲਾ ਕੇ ਇਸਤੇਮਾਲ ਕਰੋ। ਕੁਝ ਹੀ ਦਿਨਾਂ ਵਿੱਚ ਕਬਜ਼ ਦੂਰ ਹੋ ਜਾਏਗੀ ਅਤੇ ਪੇਟ ਬਿਲਕੁਲ ਸਾਫ਼ ਰਹਿਣ ਲਗੇਗਾ।
- ❖ ਲੂ ਆਦਿ ਲੱਗਣ ਨਾਲ ਅਗਰ ਨੱਕ ਵਿਚੋਂ ਵਹਿੰਦਾ ਖ਼ੂਨ ਬੰਦ ਨਾ ਹੋਵੇ ਤਾਂ ਨੱਕ ਵਿੱਚ ਕੁਝ ਬੂੰਦਾਂ ਨਿੰਬੂ ਦਾ ਰਸ ਪਾਉਣ ਨਾਲ ਖ਼ੂਨ ਵਹਿਣਾ ਤਤਕਾਲ ਬੰਦ ਹੋ ਜਾਏਗਾ।
- ❖ ਸਿਰ ਦੀ ਖੁਜਲੀ ਤੋਂ ਛੁਟਕਾਰਾ ਪਾਉਣ ਲਈ ਇਕ ਨਿੰਬੂ ਕੱਟ ਕੇ ਸਿਰ ਤੇ ਰੋਜ਼ਾਨਾਂ ਮਲੋ।
- ❖ ਪੁਰਾਣੀ ਖਾਜ-ਖੁਜਲੀ ਵਿੱਚ ਨਿੰਬੂ ਦੇ ਰਸ ਨੂੰ ਹਲਦੀ ਵਿੱਚ ਮਿਲਾ ਕੇ ਨਿਯਮਿਤ ਲੇਪ ਕਰਨ ਨਾਲ ਲਾਭ ਹੁੰਦਾ ਹੈ।
- ❖ ਸੌਣ ਤੋਂ ਪਹਿਲਾਂ ਗਰਮ ਪਾਣੀ ਵਿੱਚ ਨਿੰਬੂ ਦਾ ਰਸ ਮਿਲਾ ਕੇ ਹੱਥ-ਪੈਰ ਧੋਣ ਨਾਲ ਚਮੜੀ ਦਾ ਖੁਰਦਰਾਪਨ ਦੂਰ ਹੋ ਜਾਂਦਾ ਹੈ ਅਤੇ ਚਮੜੀ ਚਿਕਨੀ ਅਤੇ ਚਮਕੀਲੀ ਹੋ ਜਾਂਦੀ ਹੈ।



- ❖ ਨਿੰਬੂ ਦੇ ਰਸ ਵਿੱਚ ਸ਼ਹਿਦ ਅਤੇ ਕਾਲਾ ਨਮਕ ਮਿਲਾ ਕੇ ਪੀਣ ਨਾਲ ਲਗਾਤਾਰ ਚੱਲਣ ਵਾਲੀ ਹਿਚਕੀ ਤਤਕਾਲ ਰੁਕ ਜਾਏਗੀ।
- ❖ ਹਫ਼ਤੇ ਵਿੱਚ ਇਕ-ਅੱਧ ਵਾਰ ਨਿੰਬੂ ਦੇ ਰਸ ਵਿੱਚ ਸੇਂਧਾ ਨਮਕ ਅਤੇ ਪਾਣੀ ਮਿਲਾ ਕੇ ਪੀਣਾ ਆਂਤੜੀਆਂ ਦੀ ਸਫ਼ਾਈ ਲਈ ਬਹੁਤ ਉਪਯੋਗੀ ਹੁੰਦਾ ਹੈ।
- ❖ ਨਿੰਬੂ ਤੋਂ ਜ਼ਿਆਦਾ ਰਸ ਪ੍ਰਾਪਤ ਕਰਨ ਲਈ ਉਹਨੂੰ ਕੱਟਣ ਤੋਂ ਪਹਿਲਾਂ ਕਿਸੇ ਮੇਜ ਤੇ ਰੱਖ ਕੇ ਹਥੇਲੀ ਨਾਲ ਦਬਾਅ ਪਾਉਂਦੇ ਹੋਏ ਘੁਮਾਉ। ਚਾਰੇ ਪਾਸਿਉਂ ਮੁਲਾਇਮ ਹੋ ਜਾਣ ਨਾਲ ਕੱਟਣ ਤੇ ਜ਼ਿਆਦਾ ਰਸ ਨਿਕਲੇਗਾ।


ਪਿਆਰੇ ਬੱਚਿਉ! ਉਪਰੋਕਤ ਕੁਝ ਉਪਯੋਗਾਂ ਤੋਂ ਜ਼ਾਹਿਰ ਹੈ ਕਿ ਨਿੰਬੂ ਸਾਡੀ ਸਿਹਤ ਅਤੇ ਸੁੰਦਰਤਾ ਲਈ ਲਾਭਦਾਇਕ ਹੈ। ■

- ✸ ਚੰਗਾ ਸੋਚੋ, ਚੰਗੇ ਕਰਮ ਕਰੋ, ਚੰਗੇ ਇਨਸਾਨ ਬਣੋ।– (ਰਵਿੰਦਰ ਨਾਥ ਟੈਗੋਰ)
- ✸ ਜੋ ਗੁਰੂਆਂ ਪੀਰਾਂ, ਮਾਤਾ ਪਿਤਾ, ਬਜ਼ੁਰਗਾਂ ਨੂੰ ਨਮਸਕਾਰ ਕਰਦੇ ਹਨ ਉਹ ਸੰਕਟਾਂ ਨੂੰ ਪਾਰ ਕਰ ਜਾਂਦੇ ਹਨ। – (ਵੇਦ ਵਿਆਸ)
- ✸ ਮੁਸੀਬਤਾਂ ਨੂੰ ਹੌਸਲੇ ਨਾਲ ਬਰਦਾਸ਼ਤ ਕਰੋ। ਮੁਸੀਬਤ ਵਿਚ ਹੀ ਸਾਡਾ ਇਮਤਿਹਾਨ ਹੁੰਦਾ ਹੈ। ਇਹਨਾਂ ਤੋਂ ਘਬਰਾਉਣ ਦਾ ਮਤਲਬ ਹੈ ਆਪਣੇ ਕੰਮ ਨੂੰ ਵਿਗਾੜਨਾ। – (ਲਾਲਾ ਲਾਜਪਤ ਰਾਏ)

❑ ਕੁਲਦੀਪ ਸਿੰਘ 'ਮਸਤ'

# ਆਇਆ ਰੱਖੜੀ ਦਾ ਤਿਉਹਾਰ





ਮੇਰੇ ਨਾਲ ਚੱਲ ਤੂੰ ਅੰਮੀਏ,
ਆਪਾਂ ਜਾਣਾ ਵਿੱਚ ਬਜ਼ਾਰ।
ਲੈ ਕੇ ਖੁਸ਼ੀਆਂ ਖੇੜੇ ਆ ਗਿਆ,
ਇਹ ਰੱਖੜੀ ਦਾ ਤਿਉਹਾਰ।
ਜਿਸ ਦੀ ਬੇਸਬਰੀ ਦੇ ਨਾਲ,
ਨਿੱਤ ਕਰਦੀ ਸੀ ਇੰਤਜ਼ਾਰ।
ਮੈਂ ਤਾਂ ਵੀਰਾਂ ਲਈ ਲੈਣੀਆਂ,
ਰੱਖੜੀਆਂ ਸੋਹਣੀਆਂ ਤੇ ਰੰਗਦਾਰ।

ਬੰਨ ਕੇ ਸੋਹਣੇ ਗੁਟਾਂ ਤੇ,
ਪੂਰੇ ਕਰਨੇ ਚਾਅ ਮਲ੍ਹਾਰ।
ਮੇਰੇ ਵੀਰੇ ਮੇਰੇ ਤੋਂ ਦੇਣਗੇ,
ਕੱਢ ਸੌ-ਸੌ ਦੇ ਨੋਟ ਵਾਰ।
ਜਗ ਵਿੱਚ ਵੀਰਾਂ-ਭੈਣਾਂ ਦਾ,
ਹੁੰਦਾ ਹੱਦੋਂ ਵੱਧ ਪਿਆਰ।
ਵੀਰੇ ਹਾਮੀ ਦੁੱਖਾਂ-ਸੁਖਾਂ ਦੇ,
ਇਹ ਦੇਣਗੇ ਜਾਨਾਂ ਵਾਰ।

ਭੈਣਾਂ ਰੱਬ ਤੋਂ ਮੰਗਾਂ ਮੰਗਦੀਆਂ,
ਸੁਖੀ ਵਸਣ ਵੀਰ ਵਿੱਚ ਸੰਸਾਰ।
ਰਹੇ ਵਧਦਾ ਫੁਲਦਾ ਸਦਾ ਹੀ,
ਰੱਬਾ ਵੀਰਾਂ ਦਾ ਪਰਿਵਾਰ।
ਭੈਣਾਂ ਘੋੜੀ ਵੀਰਾਂ ਦੀਆਂ ਗਾਉਂਦੀਆਂ,
ਦੋਵੇਂ ਹੱਥ ਬੰਨ ਅਰਜ ਗੁਜ਼ਾਰ।
ਘਰ-ਘਰ ਖੁਸ਼ੀਆਂ ਵੰਡਦਾ,
'ਮਸਤ' ਰੱਖੜੀ ਦਾ ਤਿਉਹਾਰ।





ਬਾਲ ਕਹਾਣੀ : ਰਜਿੰਦਰ ਪ੍ਰਦੇਸੀ

# ਮਿਹਨਤ ਦੀ ਕਮਾਈ

ਰਾਮਪੁਰ ਵਿੱਚ ਇਕ ਲੁਹਾਰ ਰਹਿੰਦਾ ਸੀ। ਉਸਦਾ ਨਾਂ ਸੀ ਗਯਾਪ੍ਰਸਾਦ। ਉਸ ਦੁਆਰਾ ਬਣਾਏ ਖੇਤੀ ਦੇ ਔਜ਼ਾਰ ਦੂਰ-ਦੂਰ ਦੇ ਪਿੰਡਾਂ ਦੇ ਕਿਸਾਨ ਆ ਕੇ ਲੈ ਜਾਂਦੇ। ਉਸਦੀ ਈਮਾਨਦਾਰੀ ਅਤੇ ਕਾਰਜਕੁਸ਼ਲਤਾ ਦੀ ਸਾਰੇ ਲੋਕ ਖੁਲ੍ਹੇ ਦਿਲ ਨਾਲ ਪ੍ਰਸ਼ੰਸਾ ਕਰਦੇ। ਉਸਦਾ ਇਕ ਬੇਟਾ ਸੀ ਜਿਸ ਦਾ ਨਾਮ ਸੀ ਮਾਤਾਪ੍ਰਸਾਦ। ਸੁਭਾਅ ਤੋਂ ਉਹ ਪਿਤਾ ਤੋਂ ਇਕਦਮ ਅਲੱਗ ਸੀ। ਉਹ ਬੜਾ ਹੀ ਆਲਸੀ ਅਤੇ ਕੰਮਚੋਰ ਸੀ। ਉਹ ਕਿਸੇ ਵੀ ਕੰਮ ਵਿੱਚ ਰੁਚੀ ਨਹੀਂ ਲੈਂਦਾ ਸੀ। ਇਸ ਕਰਕੇ ਉਸਦੇ ਮਾਤਾ-ਪਿਤਾ ਬਹੁਤ ਪ੍ਰੇਸ਼ਾਨ ਰਹਿੰਦੇ ਸਨ।

ਇਕ ਦਿਨ ਗਯਾਪ੍ਰਸਾਦ ਦੀ ਪਤਨੀ ਨੇ ਪਤੀ ਨੂੰ ਸਲਾਹ ਦਿੱਤੀ ਕਿ ਅਗਰ ਬੇਟੇ ਦੀ ਸ਼ਾਦੀ ਕਰ ਦਿੱਤੀ ਜਾਵੇ ਤਾਂ ਜ਼ਿੰਮੇਵਾਰੀ ਪੈਣ ਤੇ ਸ਼ਾਇਦ ਉਹ ਸੁਧਰ ਜਾਵੇ ਅਤੇ ਕੰਮ ਵਿੱਚ ਵੀ ਮਨ ਲਗਾਉਣ ਲੱਗੇ।

ਪਤਨੀ ਦੀ ਰਾਇ ਨਾਲ ਗਯਾਪ੍ਰਸਾਦ ਸਹਿਮਤ ਨਹੀਂ ਹੋਇਆ। ਉਸ ਨੇ ਕਿਹਾ- ਜਦ ਤਕ ਮਾਤਾਪ੍ਰਸਾਦ ਆਪਣੀ ਮਿਹਨਤ ਨਾਲ ਕਮਾ ਕੇ ਘਰ ਵਿੱਚ ਕੁਝ ਨਹੀਂ ਲਿਆਏਗਾ, ਉਸਦੀ ਸ਼ਾਦੀ ਨਹੀਂ ਕਰਨੀ ਚਾਹੀਦੀ। ਚੰਗਾ ਹੋਵੇ ਤੂੰ ਉਹਨੂੰ ਈਮਾਨਦਾਰੀ ਅਤੇ ਮਿਹਨਤ ਨਾਲ ਕਮਾਉਣ ਦੀ ਸਲਾਹ ਦੇ। ਜਦ ਉਹ ਕਮਾਉਣ ਲੱਗੇਗਾ, ਮੈਂ ਖੁਦ ਹੀ ਉਸਦੀ ਸ਼ਾਦੀ ਕਰ ਦੇਵਾਂਗਾ।

ਗਯਾਪ੍ਰਸਾਦ ਦੀ ਇਹ ਸਲਾਹ ਉਸਦੀ ਪਤਨੀ ਨੂੰ ਚੰਗੀ ਨਾ ਲੱਗੀ। ਉਹ ਤਾਂ ਕੁਝ ਹੋਰ ਹੀ ਸੋਚ ਰਹੀ ਸੀ। ਇਕ ਦਿਨ ਉਹ ਆਪਣੇ ਬੇਟੇ ਮਾਤਾਪ੍ਰਸਾਦ ਦੇ ਹੱਥ ਵਿੱਚ ਕੁਝ ਸਿੱਕੇ ਦੇ ਕੇ ਬੋਲੀ - ਇਹ ਸਿੱਕੇ ਆਪਣੇ ਪਿਤਾ ਨੂੰ ਸ਼ਾਮ ਵੇਲੇ ਦੇ ਕੇ ਕਹਿਣਾ ਕਿ ਅੱਜ ਮੈਂ ਮਿਹਨਤ ਕਰਕੇ ਕਮਾਏ ਹਨ।



ਸ਼ਾਮ ਨੂੰ ਮਾਤਾਪ੍ਰਸਾਦ ਮਾਂ ਦੁਆਰਾ ਦਿੱਤੇ ਸਿੱਕੇ ਲੈ ਕੇ ਪਿਤਾ ਦੇ ਕੋਲ ਗਿਆ। ਉਹਨਾਂ ਨੂੰ ਦੇ ਕੇ ਮਾਂ ਨੇ ਜਿਵੇਂ ਸਮਝਾਇਆ ਸੀ, ਉਂਝ ਹੀ ਕਿਹਾ।

ਗਯਾਪ੍ਰਸਾਦ ਉਸ ਸਮੇਂ ਭੱਠੀ ਤੇ ਬੈਠਾ ਔਜ਼ਾਰ ਬਣਾ ਰਿਹਾ ਸੀ। ਉਸ ਨੇ ਉਹਨਾਂ ਸਿੱਕਿਆਂ ਨੂੰ ਭੱਠੀ ਵਿੱਚ ਪਾ ਦਿੱਤਾ। ਪਿਤਾ ਦੀ ਇਸ ਕਾਰਵਾਈ ਤੇ ਮਾਤਾਪ੍ਰਸਾਦ ਖਿੱਝ ਗਿਆ। ਉਹ ਬੋਲਿਆ – ਆਪ ਨੇ ਸਿੱਕਿਆਂ ਨੂੰ ਭੱਠੀ ਵਿੱਚ ਪਾ ਕੇ ਆਪਣਾ ਹੀ ਨੁਕਸਾਨ ਕੀਤਾ ਹੈ। ਇਹ ਕਹਿ ਕੇ ਉਹ ਉਥੋਂ ਚਲਾ ਗਿਆ। ਫਿਰ ਆਪਣੀ ਮਾਂ ਨੂੰ ਸਾਰੀ ਘਟਨਾ ਕਹਿ ਸੁਣਾਈ।

ਗਯਾਪ੍ਰਸਾਦ ਦੀ ਪਤਨੀ ਨੂੰ ਸਮਝਦੇ ਦੇਰ ਨਾ ਲੱਗੀ ਕਿ ਉਸਦੇ ਪਤੀ ਨੇ ਅਜਿਹਾ ਕਿਉਂ ਕੀਤਾ।ਿ ਫਿਰ ਵੀ ਉਹ ਚੁੱਪ ਰਹੀ ਅਤੇ ਬੇਟੇ ਨੂੰ ਹਰ ਰੋਜ਼ ਮਿਹਨਤ ਅਤੇ ਈਮਾਨਦਾਰੀ ਦਾ ਪਾਠ ਪੜਾਉਂਦੀ ਰਹੀ।

ਇਕ ਦਿਨ ਮਾਤਾਪ੍ਰਸਾਦ ਖੁਦ ਦੀ ਮਿਹਨਤ ਨਾਲ ਕਮਾਏ ਕੁਝ ਸਿੱਕੇ ਲੈ ਕੇ ਪਿਤਾ ਦੇ ਕੋਲ ਗਿਆ ਅਤੇ ਉਹਨਾਂ ਨੂੰ ਦੇ ਕੇ ਬੋਲਿਆ– ਇਹ ਲਉ, ਅੱਜ ਮੈਂ ਦਿਨਭਰ ਮਿਹਨਤ ਕਰਕੇ ਈਮਾਨਦਾਰੀ ਨਾਲ ਇਹ ਸਭ ਕਮਾਇਆ ਹੈ।

ਗਯਾਪ੍ਰਸਾਦ ਨੇ ਸਿੱਕਿਆਂ ਨੂੰ ਹੱਥ ਵਿੱਚ ਲੈ ਕੇ ਇਕ ਵਾਰ ਬੇਟੇ ਵੱਲ ਵੇਖਿਆ, ਫਿਰ ਉਹਨਾਂ ਸਿੱਕਿਆਂ ਨੂੰ ਵੀ ਭੱਠੀ ਵਿੱਚ ਪਾ ਦਿੱਤਾ। ਇਸ ਗੱਲ ਤੇ ਮਾਤਾਪ੍ਰਸਾਦ ਬਹੁਤ ਕ੍ਰੋਧਿਤ ਹੋਇਆ ਅਤੇ ਕਿਹਾ– ਦਿਨ ਭਰ ਮਿਹਨਤ ਮਜ਼ਦੂਰੀ ਕਰਕੇ ਇਹ ਸਿੱਕੇ ਕਮਾਏ ਸਨ ਅਤੇ ਆਪ ਨੇ ਉਹਨਾਂ ਨੂੰ ਭੱਠੀ ਵਿੱਚ ਪਾ ਦਿੱਤਾ। ਇਸ ਨਾਲ ਆਪ ਦਾ ਤਾਂ ਕੁਝ ਨਹੀਂ ਗਿਆ ਪਰ ਮੇਰੀ ਦਿਨਭਰ ਦੀ ਮਿਹਨਤ ਬੇਕਾਰ ਹੋ ਗਈ।

ਬੇਟੇ ਦੀ ਗੱਲ ਸੁਣ ਕੇ ਗਯਾਪ੍ਰਸਾਦ ਤੁਰੰਤ ਭੱਠੀ ਤੋਂ ਉਠਿਆ ਅਤੇ ਉਸਨੇ ਬੇਟੇ ਨੂੰ ਗਲੇ ਲਗਾ ਲਿਆ ਅਤੇ ਕਿਹਾ – ਬੇਟੇ! ਅੱਜ ਮੈਂ ਬਹੁਤ ਖੁਸ਼ ਹਾਂ। ਤੈਨੂੰ ਮਿਹਨਤ ਦੀ ਕਮਾਈ ਦਾ ਮੁੱਲ ਪਤਾ ਲੱਗ ਗਿਆ ਹੈ। ਹੁਣ ਜੀਵਨ ਵਿੱਚ ਕੋਈ ਕਸ਼ਟ ਨਹੀਂ ਹੋਵੇਗਾ। ■

# ਖੋਜ ਅਤੇ ਖੋਜਕਾਰ



- ਟਾਈਪਰਾਈਟਰ ਦੀ ਖੋਜ ਸ਼ੋਲਮ ਨੇ ਕੀਤੀ ਸੀ।
- ਥਰਮਸ ਫਲਾਸਕ ਦੀ ਖੋਜ ਡੇਵਰ ਨੇ ਕੀਤੀ ਸੀ।
- ਪਨਡੁੱਬੀ ਦੀ ਖੋਜ ਬੁਸ਼ਨੇਲ ਨੇ ਕੀਤੀ ਸੀ।
- ਸੇਫਟੀਰੇਜਰ ਦੀ ਖੋਜ ਜਿਲੇਟ ਨੇ ਕੀਤੀ ਸੀ।
- ਬਿਜਲੀ ਦੇ ਬਲਬ ਦੀ ਖੋਜ ਏਡਿਸਨ ਨੇ ਕੀਤੀ ਸੀ।
- ਮਸ਼ੀਨਗਨ ਦੀ ਖੋਜ ਪੁਕਲ ਨੇ ਕੀਤੀ ਸੀ।
- ਟ੍ਰਾਂਜਿਸਟਰ ਦੀ ਖੋਜ ਸ਼ਾਕਲੇ ਨੇ ਕੀਤੀ ਸੀ।
- ਕੰਪਿਊਟਰ ਦੀ ਖੋਜ ਬੈਬੇਜ਼ ਨੇ ਕੀਤੀ ਸੀ।
- ਲਿਫਟ ਦੀ ਖੋਜ ਅਉਟਿਸ ਨੇ ਕੀਤੀ ਸੀ।
- ਮਿਲਟਰੀ ਟੈਂਕ ਦੀ ਖੋਜ ਸਵਿਟਨ ਨੇ ਕੀਤੀ ਸੀ।
- ਰੇਲ ਇੰਜਨ ਦੀ ਖੋਜ ਸਟੀਫਨਸ ਨੇ ਕੀਤੀ ਸੀ।
- ਸਿਲਾਈ ਮਸ਼ੀਨ ਦੀ ਖੋਜ ਏਲਿਆਸ ਹਾਵੇ ਨੇ ਕੀਤੀ ਸੀ।
- ਪ੍ਰਿੰਟਿੰਗ ਪ੍ਰੈਸ ਦੀ ਖੋਜ ਜਾਨ ਗੁਟੇਨਬਰਗ ਨੇ ਕੀਤੀ ਸੀ।

❒ ਡਾ: ਰਾਮਲਖਨ ਨਿਰੰਕਾਰੀ

# ਰੰਗ ਭਰੋ



ਨਾਂ ................................................................................... ਉਮਰ..........

ਪੂਰਾ ਪਤਾ........................................................................................

...............................................................................................

...............................................................................................

# ਜੂਨ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਜਸ਼ਨਪ੍ਰੀਤ ਕੌਰ (ਉਮਰ 9 ਸਾਲ)
ਪਿੰਡ ਤੇ ਡਾਕਖਾਨਾ : ਬੌਹਾ
ਜ਼ਿਲਾ ਮਾਨਸਾ (ਪੰਜਾਬ)

**ਦੂਸਰਾ ਨੰ :**

ਸਿਦਕ ਭਾਟੀਆ (ਉਮਰ 6 ਸਾਲ)
ਹਾਊਸ ਨੰ: 143/8
ਪਿੰਡ ਤੇ ਡਾਕਖਾਨਾ, ਦੋਰਾਹਾ
ਜ਼ਿਲਾ ਲੁਧਿਆਣਾ (ਪੰਜਾਬ)

**ਤੀਸਰਾ ਨੰ :**

ਰਿਦਮ ਚਾਨਣਾ (ਉਮਰ 10 ਸਾਲ)
ਹਾਊਸ ਨੰ: 49/9
ਪਿੰਡ ਤੇ ਡਾਕਖਾਨਾ - ਬਸੀ ਪਠਾਣਾ
ਜ਼ਿਲਾ - ਫਤਹਿਗੜ ਸਾਹਿਬ (ਪੰਜਾਬ)




## ਪਸੰਦ ਕੀਤੇ ਗਏ -

ਸੁਖਪ੍ਰੀਤ ਸਿੰਘ (ਮਾਨਸਾ),
ਸਿਮਰਨ ਕੌਰ (ਧਰਮਪੁਰਾ),
ਸਹਿਜਪ੍ਰੀਤ (ਅੰਮ੍ਰਿਤਸਰ),
ਕਿਰਨਦੀਪ (ਲੁਧਿਆਣਾ),
ਸ਼ੁਭਮ (ਪੁਰਹੀਰਾ),
ਗੁਰਵਿੰਦਰ (ਜੀਰਾ),
ਪ੍ਰੇਰਨਾ (ਬੇਦੀ ਨਗਰ),
ਜਸਨੂਰਪ੍ਰੀਤ (ਜਗਰਾਉਂ),
ਸੁਨੀਤਾ (ਨਵਾਂ ਸ਼ਹਿਰ),
ਖੁਸ਼ਵੰਤ (ਬਰਨਾਲਾ),
ਨਿਮਰਤਾ (ਬੁਢਲਾਡਾ),
ਗੁਰਪ੍ਰੀਤ (ਗਿੱਦੜਬਾਹਾ),
ਹੈਵਨ-ਸੁਮਨ (ਫਗਵਾੜਾ),
ਏਕਤਾ (ਹਰੀਕੇ ਪਤਨ),
ਵੰਸ਼ਿਕਾ ਬੋਬੋ (ਬੁਢਲਾਡਾ),
ਹਰਸੂਲ (ਕਲਿਆਣਪੁਰ),
ਸਰਬਜੀਤ ਕੌਰ (ਜਗਰਾਉਂ),
ਗੁਰਲੀਨ ਕੌਰ (ਡੱਫਰ),
ਨਿਤਿਨ ਕੰਡਾ (ਤਲਵੰਡੀ ਭਾਈ),
ਅਨੰਨਿਆ ਗਰਗ (ਲਹਿਰਾਗਾਗਾ)

## ਅਗਸਤ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ *25 ਅਗਸਤ 2019* ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ *ਅਕਤੂਬਰ 2019* ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



ਸੁੰਦਰਪਾਲ ਪ੍ਰੇਮੀ

## ਫਰਜ਼ ਨਿਭਾਉਂਦੇ ਰਹਾਂਗੇ

# ਤਿਰੰਗਿਆ



ਤੇਰੇ ਅੱਗੇ ਸੀਸ ਝੁਕਾਉਂਦੇ ਰਹਾਂਗੇ ਤਿਰੰਗਿਆ।
ਅਸੀਂ ਤੇਰੇ ਸੋਹਲੇ ਗਾਉਂਦੇ ਰਹਾਂਗੇ ਤਿਰੰਗਿਆ।

ਤੇਰੇ ਸੁਨਹਿਰੀ ਇਤਿਹਾਸ ਦਾ ਚਾਨਣਾ ਕਰਾਂਵਾਂਗੇ।
ਤੈਨੂੰ ਝੂਲਦਾ ਵੇਖਣ ਲਈ ਅੱਗੇ ਅੱਗੇ ਆਵਾਂਗੇ।
ਤੇਰੀ ਆਨ-ਸ਼ਾਨ ਬਣਾਉਂਦੇ ਰਹਾਂਗੇ ਤਿਰੰਗਿਆ।

ਜਿਨ੍ਹਾਂ ਸ਼ੇਰਾਂ ਨੇ ਤੇਰੇ ਲਈ ਕੀਤੀਆਂ ਕੁਰਬਾਨੀਆਂ।
ਆਪਣੀਆਂ ਵਾਰੀਆਂ ਸੋਹਣੀਆਂ ਜਵਾਨੀਆਂ।
ਸ਼ਹੀਦਾਂ ਦੀ ਯਾਦ ਮਨਾਉਂਦੇ ਰਹਾਂਗੇ ਤਿਰੰਗਿਆ।

ਤੇਰੀ ਰਖਵਾਲੀ ਲਈ ਡਟ ਕੇ ਅੱਗੇ ਆਵਾਂਗੇ।
ਤੇਰੇ ਉੱਤੇ ਅਸੀਂ ਜ਼ਿੰਦੜੀ ਘੋਲ ਘੁਮਾਵਾਂਗੇ।
ਸੀਸ ਤਲੀ ਤੇ ਟਿਕਾਉਂਦੇ ਰਹਾਂਗੇ ਤਿਰੰਗਿਆ।

ਸਾਡੀ ਜਾਨ ਤੋਂ ਵੀ ਤੂੰ ਪਿਆਰਾ ਹੈ।
ਹਵਾ ਵਿੱਚ ਲਹਿਰਾਉਂਦਾ ਲੱਗਦਾ ਦੁਲਾਰਾ ਹੈ।
ਤੇਰੇ ਚਿਹਰੇ ਖੇੜਾ ਲਿਆਉਂਦੇ ਰਹਾਂਗੇ ਤਿਰੰਗਿਆ।

ਤੇਰੀ ਅਣਖ ਨੂੰ ਦਾਗ ਲਗਾਉਣ ਨਹੀਂ ਦੇਣਾ।
ਤੇਰੀ ਆਤਮਾ ਨੂੰ ਤੜਫਾਉਣ ਨਹੀਂ ਦੇਣਾ।
'ਪ੍ਰੇਮੀ' ਸੰਗ ਫਰਜ਼ ਨਿਭਾਉਂਦੇ ਰਹਾਂਗੇ ਤਿਰੰਗਿਆ।

# ਸ਼ੁਤਰਮੁਰਗ

## ਸਭ ਤੋਂ ਤੇਜ਼ ਦੌੜਾਕ ਪੰਛੀ

ਦੁਨੀਆਂ ਵਿੱਚ ਸਭ ਤੋਂ ਤੇਜ਼ ਦੌੜਨ ਵਾਲਾ, ਸਭ ਤੋਂ ਵੱਡਾ ਅਤੇ ਸਭ ਤੋਂ ਭਾਰੀ ਪੰਛੀ ਅਗਰ ਕੋਈ ਹੈ ਤਾਂ ਉਹ ਸ਼ੁਤਰਮੁਰਗ। ਇਸ ਪੰਛੀ ਦਾ ਇਕ ਹੋਰ ਨਾਮ ਹੈ ਆਸਟਰ, ਜੋ ਅਫਰੀਕਾ ਦੇ ਜੰਗਲਾਂ ਅਤੇ ਰੇਗਿਸਤਾਨ ਵਿੱਚ ਬਹੁਤ ਜ਼ਿਆਦਾ ਪਾਇਆ ਜਾਂਦਾ ਹੈ। ਸ਼ੁਤਰਮੁਰਗ ਆਮਤੌਰ ਤੇ ਦਸ-ਬਾਰਾਂ ਦੇ ਸਮੂਹ ਵਿੱਚ ਰਹਿਣਾ ਪਸੰਦ ਕਰਦੇ ਹਨ। ਸ਼ੁਤਰਮੁਰਗ ਦਾ ਜੀਵਨਕਾਲ 30 ਤੋਂ 40 ਸਾਲ ਹੁੰਦਾ ਹੈ। ਇਸ ਦੀਆਂ ਅੱਖਾਂ ਪ੍ਰਿਥਵੀ ਤੇ ਮੌਜੂਦ ਕਿਸੇ ਵੀ ਜੰਤੂ ਦੀਆਂ ਅੱਖਾਂ ਨਾਲੋਂ ਆਕਾਰ ਵਿੱਚ ਵੱਡੀਆਂ ਹੁੰਦੀਆਂ ਹਨ।

ਸ਼ੁਤਰਮੁਰਗ ਵਿਸ਼ਵ ਵਿੱਚ ਸਭ ਤੋਂ ਤੇਜ਼ ਦੌੜਨ ਵਾਲਾ ਪੰਛੀ ਹੈ। ਇਹ ਹਵਾ ਵਿੱਚ ਨਹੀਂ ਉਡ ਸਕਦਾ ਲੇਕਿਨ ਆਪਣੀ ਛਲਾਂਗ ਵਿੱਚ 10 ਤੋਂ 16 ਫੁੱਟ ਤਕ ਦੀ ਦੂਰੀ ਆਸਾਨੀ ਨਾਲ ਤੈਅ ਕਰ ਸਕਦਾ ਹੈ। ਸ਼ੁਤਰਮੁਰਗ ਇਕ ਘੰਟੇ ਦੇ ਅੰਦਰ 43 ਮੀਲ ਅਰਥਾਤ 70 ਕਿਲੋਮੀਟਰ ਦੀ ਦੂਰੀ ਤੈਅ ਕਰ ਲੈਂਦਾ ਹੈ ਅਤੇ ਲਗਾਤਾਰ ਦੌੜ ਕੇ ਉਹ ਇਕ ਘੰਟੇ ਵਿੱਚ 31 ਮੀਲ ਅਰਥਾਤ 50 ਕਿਲੋਮੀਟਰ ਦੀ ਦੂਰੀ ਹਵਾ ਵਿੱਚ ਜੰਪ ਲਗਾਏ ਬਗੈਰ ਕਵਰ ਕਰ ਸਕਦਾ ਹੈ। ਉਹ ਆਪਣੇ ਖੰਭਾਂ ਦਾ ਇਸਤੇਮਾਲ ਦੌੜਨ ਸਮੇਂ ਆਪਣੀ ਦਿਸ਼ਾ ਪਰਿਵਰਤਿਤ ਕਰਨ ਲਈ ਕਰਦਾ ਹੈ। ਉਸ ਦੇ ਪੈਰ ਬਹੁਤ ਹੀ ਮਜ਼ਬੂਤ ਅਤੇ ਲੰਮੇ ਹੁੰਦੇ ਹਨ ਜਿਸ ਦਾ ਇਸਤੇਮਾਲ ਇਹ ਦੌੜਨ ਵਿੱਚ ਤਾਂ ਕਰਦਾ ਹੀ ਹੈ, ਆਤਮਰੱਖਿਆ ਵੀ ਕਰਦਾ ਹੈ।

ਇਕ ਪ੍ਰਕਾਰ ਨਾਲ ਉਹ ਆਪਣੇ ਲੰਮੇ ਪੈਰਾਂ ਦਾ ਇਸਤੇਮਾਲ ਹਥਿਆਰ ਦੇ ਤੌਰ ਤੇ ਵੀ ਕਰਦਾ ਹੈ। ਆਮਤੌਰ ਤੇ ਉਹ ਸ਼ਾਂਤੀ-ਪ੍ਰਿਯ ਪੰਛੀ ਹੈ। ਅਗਰ ਉਹ ਆਤਮਰੱਖਿਆ ਲਈ ਆਪਣੇ ਪੈਰਾਂ ਨਾਲ ਕਿਸੇ ਵਿਅਕਤੀ ਤੇ ਹਮਲਾ ਕਰ ਦਏ ਤਾਂ ਇਸ ਨਾਲ ਉਸ ਦੀ ਜਾਨ ਤਕ ਵੀ ਜਾ ਸਕਦੀ ਹੈ। ਸ਼ੁਤਰਮੁਰਗ ਦੇ ਆਂਡੇ ਹੈਰਾਨੀਜਨਕ ਰੂਪ ਨਾਲ ਮੁਰਗੀ ਦੇ ਆਂਡੇ ਤੋਂ ਕਈ ਗੁਣਾਂ ਵੱਡੇ ਹੁੰਦੇ ਹਨ। ਸ਼ੁਤਰਮੁਰਗ ਦਾ ਆਂਡਾ ਆਕਾਰ ਵਿੱਚ ਐਨਾ ਵੱਡਾ ਹੁੰਦਾ ਹੈ ਕਿ ਉਸ ਨੂੰ ਫੜਨ ਲਈ ਵਿਅਕਤੀ ਨੂੰ ਆਪਣੇ ਦੋਵਾਂ ਹੱਥਾਂ ਦਾ ਇਸਤੇਮਾਲ ਕਰਨਾ ਪੈਂਦਾ ਹੈ। ਸ਼ੁਤਰਮੁਰਗ ਦਾ ਇਕ ਆਂਡਾ ਮੁਰਗੀ ਦੇ ਦੋ ਦਰਜਨ ਆਂਡਿਆਂ ਦੇ ਬਰਾਬਰ ਹੁੰਦਾ ਹੈ, ਜਿਸ ਦਾ ਵਜਨ ਲਗਭਗ 3 ਪੌਂਡ ਹੁੰਦਾ ਹੈ। ਇਸ ਦੇ ਇਕ ਆਂਡੇ ਵਿੱਚ ਲਗਭਗ 2000 ਕੈਲੋਰੀ ਦੀ ਮਾਤਰਾ ਹੁੰਦੀ





ਹੈ। ਇਸਤੇਮਾਲ ਵਿੱਚ ਲਿਆਉਣ ਲਈ ਇਸ ਦੇ ਆਂਡੇ ਨੂੰ ਘੱਟੋ-ਘੱਟ 40 ਮਿੰਟ ਤਕ ਪਾਣੀ ਵਿੱਚ ਉਬਾਲਣ ਦੀ ਲੋੜ ਪੈਂਦੀ ਹੈ। ਕਾਲਾਹਾਰੀ ਮਰੁਸਥਲ (ਅਫਰੀਕਾ) ਦੇ ਨਿਵਾਸੀ ਸ਼ੁਤੁਰਮੁਰਗ ਦੇ ਆਂਡੇ ਦੀ ਉਪਰੀ ਸਤ੍ਹਾ ਅਰਥਾਤ ਛਿਲਕੇ ਦਾ ਇਸਤੇਮਾਲ ਵਾਟਰ ਕਨਟੇਨਰ ਦੇ ਰੂਪ ਵਿੱਚ ਕਰਦੇ ਹਨ।

ਸ਼ੁਤੁਰਮੁਰਗ ਵਿਸ਼ਵ ਦਾ ਸਭ ਤੋਂ ਜ਼ਿਆਦਾ ਭਾਰੀ ਪੰਛੀ ਹੈ। ਆਮਤੌਰ ਤੇ ਇਸ ਦਾ ਵਜਨ 100 ਤੋਂ 160 ਕਿਲੋਗ੍ਰਾਮ ਹੁੰਦਾ ਹੈ। ਇਹ ਖਾਸਤੌਰ ਤੇ ਪੇੜ-ਪੌਦੇ, ਕੀਟ-ਪਤੰਗਿਆਂ ਅਤੇ ਛੋਟੇ ਜੀਵ-ਜੰਤੂਆਂ ਨੂੰ ਹੀ ਖਾਂਦਾ ਹੈ। ਇਕ ਸ਼ੁਤੁਰਮੁਰਗ ਦੇ ਪੇਟ ਦੇ ਅੰਦਰ ਰੇਤ ਅਤੇ ਛੋਟੇ-ਛੋਟੇ ਕੰਕੜ ਵੀ ਪਾਏ ਜਾਂਦੇ ਹਨ ਜੋ ਇਸ ਦੇ ਭੋਜਨ ਨੂੰ ਗ੍ਰਹਿਣ ਕਰਨ ਵਿੱਚ ਸਹਾਇਤਾ ਕਰਦੇ ਹਨ।

ਮਾਦਾ ਸ਼ੁਤੁਰਮੁਰਗ ਰੇਤ ਵਿੱਚ ਇਕ ਵਾਰ ਵਿੱਚ 12 ਤੋਂ 18 ਤਕ ਆਂਡੇ ਦਿੰਦੀ ਹੈ। ਇਹ ਆਂਡੇ 15 ਤੋਂ 20 ਸੈਂਟੀਮੀਟਰ ਲੰਮੇ ਅਤੇ 1 ਕਿਲੋ 700 ਗ੍ਰਾਮ ਤਕ ਵਜਨੀ ਹੁੰਦੇ ਹਨ। ਇਹਨਾਂ ਦਾ ਵਿਆਸ 10 ਤੋਂ 15 ਸੈਂਟੀਮੀਟਰ ਤਕ ਹੁੰਦਾ ਹੈ। ਆਂਡਿਆਂ ਨੂੰ ਸੇਕਣ ਦਾ ਕੰਮ ਦਿਨ ਵਿੱਚ ਮਾਦਾ ਅਤੇ ਰਾਤ ਵਿੱਚ ਨਰ ਦੁਆਰਾ ਕੀਤਾ ਜਾਂਦਾ ਹੈ। 42 ਤੋਂ 45 ਦਿਨ ਬਾਦ ਆਂਡਿਆਂ ਤੋਂ ਬੱਚੇ ਨਿਕਲਦੇ ਹਨ। ਮਾਦਾ ਸ਼ੁਤੁਰਮੁਰਗ ਆਪਣੇ ਡੈਨੋਂ ਨਾਲ ਆਪਣੇ ਬੱਚਿਆਂ ਨੂੰ ਢੱਕ ਕੇ ਉਹਨਾਂ ਦੀ ਰੱਖਿਆ ਕਰਦੀ ਹੈ। ਇਕ ਮਹੀਨੇ ਵਿੱਚ ਬੱਚਿਆਂ ਦਾ ਕੱਦ ਇਕ ਫੁੱਟ ਵਧ ਜਾਂਦਾ ਹੈ। ਮਾਦਾ ਸ਼ੁਤੁਰਮੁਰਗ ਆਪਣੇ ਬੱਚਿਆਂ ਦੀ ਰੱਖਿਆ ਲਈ ਹਿੰਸਕ ਜੰਗਲੀ ਜਾਨਵਰਾਂ ਨਾਲ ਭਿੜ ਜਾਣ ਵਿੱਚ ਵੀ ਨਹੀਂ ਹਿਚਕਿਚਾਉਂਦੀ।

ਇਸ ਦਾ ਮੁਖ ਆਹਾਰ ਝਾੜੀਆਂ ਦੇ ਪੱਤੇ, ਘਾਹ, ਬੀਜ਼, ਫਲ ਆਦਿ ਹਨ। ਉਂਝ ਇਹ ਛੋਟੀਆਂ-ਛੋਟੀਆਂ ਅਤੇ ਕੀਟ-ਪਤੰਗਿਆਂ ਨੂੰ ਵੀ ਖਾ ਲੈਂਦਾ ਹੈ। ਇਸ ਦੀ ਪਾਚਣ ਸ਼ਕਤੀ ਐਨੀ ਅਦਭੁਤ ਹੈ ਕਿ ਇਹ ਹਰੇਕ ਵਸਤੂ ਨੂੰ ਪਚਾ ਸਕਦਾ ਹੈ। ਇਹ ਪੱਥਰ ਤਕ ਖਾ ਕੇ ਹਜ਼ਮ ਕਰ ਜਾਂਦਾ ਹੈ। ਚਮਕੀਲੀ ਵਸਤੂਆਂ ਇਸ ਨੂੰ ਬੇਹੱਦ ਪਸੰਦ ਹਨ। ਸਿੱਕੇ, ਹੀਰੇ, ਪਲਗ ਆਦਿ ਇਹ ਆਰਾਮ ਨਾਲ ਖਾ ਜਾਂਦਾ ਹੈ। ਇਕ ਵਾਰ ਇਕ ਸ਼ਤੁਰਮੁਰਗ ਦੇ ਪੇਟ ਵਿਚੋਂ ਪੰਜਾਹ ਤੋਂ ਵੀ ਜ਼ਿਆਦਾ ਹੀਰੇ ਨਿਕਲੇ ਸਨ।

ਕ੍ਰੋਧ ਵਿੱਚ ਆਉਣ ਤੇ ਸ਼ੁਤੁਰਮੁਰਗ ਬਹੁਤ ਹੀ ਹਮਲਾਵਰ ਅਤੇ ਘਾਤਕ ਹੋ ਜਾਂਦਾ ਹੈ। ਹਮਲੇ ਦੇ ਬਾਦ ਇਹ ਆਪਣੀਆਂ ਲੰਮੀਆਂ ਟੰਗਾਂ ਅਤੇ ਮਜ਼ਬੂਤ ਚੁੰਝ ਦਾ ਇਸਤੇਮਾਲ ਕਰਦਾ ਹੈ। ਇਸ ਦੀਆਂ ਟੰਗਾਂ ਦੀ ਮਾਰ ਤੋਂ ਹਿੰਸਕ ਪਸ਼ੂ ਵੀ ਬਚਣ ਦਾ ਯਤਨ ਕਰਦੇ ਹਨ। ਕ੍ਰੋਧ ਦੀ ਅਵਸਥਾ ਵਿੱਚ ਇਸ ਦੀ ਚੁੰਝ ਦੇ ਹਮਲੇ ਦੀ ਮਾਰ ਐਨੀ ਜ਼ਿਆਦਾ ਹੁੰਦੀ ਹੈ ਕਿ ਉਹ ਲੋਹੇ ਦੀ ਚਾਦਰ ਵਿੱਚ ਛੇਕ ਕਰ ਸਕਦਾ ਹੈ।

ਇਸ ਪੰਛੀ ਦੇ ਖੰਭ ਬਹੁਤ ਖ਼ੂਬਸੂਰਤ ਹੁੰਦੇ ਹਨ। ਦੱਖਣ, ਅਫਰੀਕਾ, ਮਿਸਰ, ਅਲਜੀਰਿਆ ਆਦਿ ਦੇਸ਼ਾਂ ਵਿੱਚ ਕਈ 'ਸ਼ੁਤੁਰਮੁਰਗ ਫਾਰਮ' ਹਨ, ਜਿਥੇ ਇਹਨਾਂ ਨੂੰ ਪੇਸ਼ਾਵਰ ਰੂਪ ਨਾਲ ਪਾਲਿਆ ਜਾਂਦਾ ਹੈ। ਹਰੇਕ ਅੱਠ ਮਹੀਨੇ ਵਿੱਚ ਇਕ ਵਾਰ ਇਹਨਾਂ ਪਾਲਤੂ ਸ਼ੁਤੁਰਮੁਰਗਾਂ ਦੇ ਖੰਭ ਕੱਢ ਕੇ ਇਹਨਾਂ ਦਾ ਨਿਰਯਾਤ ਕਰਕੇ ਵਿਦੇਸ਼ੀ ਮੁਦਰਾ ਕਮਾਈ ਜਾਂਦੀ ਹੈ। ਇਸ ਦੇ ਇਲਾਵਾ ਇਹ 'ਸ਼ੁਤੁਰਮੁਰਗ ਫਾਰਮ' ਵਿਦੇਸ਼ੀ ਸੈਲਾਨੀਆ ਲਈ ਵੀ ਆਕਰਸ਼ਣ ਦਾ ਕੇਂਦਰ ਬਣੇ ਹੋਏ ਹਨ। ਇਥੇ ਸ਼ੁਤੁਰਮੁਰਗ ਤੇ ਬੈਠ ਕੇ ਸਵਾਰੀ ਕਰਨ ਦਾ ਮਜਾ ਵੀ ਲਿਆ ਜਾ ਸਕਦਾ ਹੈ।

ਸ਼ੁਤੁਰਮੁਰਗ ਮਾਨਵ-ਜਾਤੀ ਲਈ ਵਾਤਾਵਰਣ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਇਕ ਸਹਾਇਕ ਪ੍ਰਾਣੀ ਹੈ। ਇਹ ਇਸ ਧਰਤੀ ਤੇ ਆਦਮੀ ਤੋਂ ਬਹੁਤ ਪਹਿਲਾਂ ਹੋਂਦ ਵਿੱਚ ਆਇਆ ਹੈ ਅਤੇ ਖ਼ੁਦ ਨੂੰ ਵਾਤਾਵਰਣ ਅਤੇ ਹਾਲਾਤਾਂ ਦੇ ਮੁਤਾਬਿਕ ਢਾਲ ਕੇ ਅੱਜ ਵੀ ਹੋਂਦ ਵਿੱਚ ਹੈ। ਸ਼ੁਤੁਰਮੁਰਗ ਆਦਮੀ ਲਈ ਹਰ ਦ੍ਰਿਸ਼ਟੀ ਤੋਂ ਉਪਯੋਗੀ ਪੰਛੀ ਹੈ। ਚੋਰੀ ਛੁਪੇ ਸ਼ੁਤੁਰਮੁਰਗ ਦਾ ਸ਼ਿਕਾਰ ਹੋਣ ਨਾਲ ਇਹਨਾਂ ਦੀ ਗਿਣਤੀ ਵਿੱਚ ਗਿਰਾਵਟ ਆਉਂਦੀ ਜਾ ਰਹੀ ਹੈ। ਇਹਨਾਂ ਦੀ ਸੁਰੱਖਿਆ ਕੀਤੀ ਜਾਣੀ ਜ਼ਰੂਰੀ ਹੈ। ■

# ਕਦੇ ਨਾ ਭੁੱਲੋ

* ਨਿਰੰਕਾਰ-ਸਤਿਗੁਰੂ ਨੂੰ ਪ੍ਰੀਤ-ਪਿਆਰ ਵਿਚ ਯਾਦ ਕਰਨ ਲਈ ਕੋਈ ਗਿਣਤੀ ਨਹੀਂ ਹੁੰਦੀ ਅਤੇ ਕੋਈ ਸੀਮਾ ਨਹੀਂ ਹੁੰਦੀ।

- ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

* ਆਪਣੇ ਘਰ ਵਿਚ ਸੁਖ ਅਤੇ ਸ਼ਾਂਤੀ ਦਾ ਅਜਿਹਾ ਰੁੱਖ ਲਗਾਉ ਜਿਸ ਦੀ ਛਾਂ ਗਵਾਂਢੀ ਦੇ ਘਰ ਵੀ ਜਾਏ।
* ਆਪਣੇ ਭਵਿੱਖ ਦੇ ਬਾਰੇ ਆਪ ਜੋਤਸ਼ੀਆਂ ਤੋਂ ਜ਼ਿਆਦਾ ਜਾਣਦੇ ਹੋ, ਉਹਨੂੰ ਖੁਦ ਹੀ ਲੱਭ ਲਉ।

- ਚਾਣਕਯ

* ਈਸ਼ਵਰ ਦੀ ਨਿਗਾਹ ਵਿੱਚ ਸਾਰੇ ਬਰਾਬਰ ਹਨ। ਜੀਵਾਂ ਨਾਲ ਪ੍ਰੇਮ ਕਰਨਾ ਵਾਸਤਵਿਕ ਪੂਜਾ ਹੈ।

- ਸੰਤ ਰਵੀਦਾਸ

* ਮਿਤਰਤਾ ਕਰਨ ਵਿੱਚ ਹੌਸਲੇ ਤੋਂ ਕੰਮ ਲਉ ਪ੍ਰੰਤੂ ਮਿਤਰਤਾ ਕਰ ਲਉ ਤਾਂ ਦ੍ਰਿੜ ਹੋ ਕੇ ਨਿਭਾਉ।
* ਸਾਡੀ ਪ੍ਰਾਰਥਨਾ ਆਮ ਰੂਪ ਨਾਲ ਅਸ਼ੀਰਵਾਦ ਲਈ ਹੋਣੀ ਚਾਹੀਦੀ ਹੈ ਕਿਉਂਕਿ ਭਗਵਾਨ ਜਾਣਦੇ ਹਨ ਕਿ ਸਾਡੇ ਲਈ ਕੀ ਚੰਗਾ ਹੈ।

- ਸੁਕਰਾਤ

* ਈਸ਼ਵਰ ਦੀ ਪ੍ਰਾਪਤੀ ਵਿੱਚ ਸਭ ਤੋਂ ਵੱਡੀ ਰੁਕਾਵਟ ਹੰਕਾਰ ਹੈ।
* ਮਾਰਗ ਵਿੱਚ ਹਜ਼ਾਰਾਂ ਰੁਕਾਵਟਾਂ ਆਉਣ ਤੇ ਵੀ ਆਪਣੇ ਮਕਸਦ ਤੋਂ ਪਿਛੇ ਨਾ ਹਟੋ।
* ਪਿਆਰ, ਨਿਮਰਤਾ, ਸਤਿਕਾਰ ਵਰਗੇ ਦੈਵੀ ਗੁਣ ਹੀ ਭਗਤਾਂ ਨੂੰ ਉਚਾਈਆਂ ਵੱਲ ਲੈ ਜਾਂਦੇ ਹਨ।

- ਪੋਪ

* ਗਿਆਨੀ ਮਨੁੱਖ ਦੀ ਦ੍ਰਿਸ਼ਟੀ ਦੂਸਰਿਆਂ ਦੀਆਂ ਚੰਗਿਆਈਆਂ ਤੇ ਪੈਂਦੀ ਹੈ ਜਦ ਕਿ ਮੂਰਖ ਲੋਕ ਦੂਸਰਿਆਂ ਦੇ ਅਵਗੁਣ ਟਟੋਲਦੇ ਹਨ।

- ਵਿਨੋਬਾ ਭਾਵੇ

* ਕਾਇਰ ਵਿਅਕਤੀ ਆਪਣੀ ਮੌਤ ਤੋਂ ਪਹਿਲਾਂ ਕਈ ਵਾਰ ਮਰਦੇ ਹਨ ਪ੍ਰੰਤੂ ਵੀਰ ਪੁਰਸ਼ ਜੀਵਨ ਵਿੱਚ ਇਕ ਵਾਰ ਮਰਦੇ ਹਨ।
* ਸਾਰਿਆਂ ਦੀ ਗੱਲ ਧਿਆਨ ਨਾਲ ਸੁਣੋ ਪ੍ਰੰਤੂ ਆਪਣਾ ਨਿਰਣਾ ਗੁਪਤ ਰੱਖੋ।

- ਸ਼ੇਕਸ਼ਪੀਅਰ

* ਜਿਸ ਵਿੱਚ ਚੰਗੀ ਸੇਵਾ ਦੀ ਯੋਗਤਾ ਹੈ, ਅਜਿਹੇ ਮਨੁੱਖ ਦਾ ਕਦੇ ਬੁਰਾ ਨਹੀਂ ਹੋ ਸਕਦਾ।

- ਕਾਲਰ ਮਾਰਕਸ

* ਬੱਚਿਆਂ ਦੇ ਆਤਮ-ਵਿਸ਼ਵਾਸ਼ ਨੂੰ ਨਸ਼ਟ ਕਰਨਾ, ਉਹਨਾਂ ਦੇ ਮਨ ਤੇ ਨਿਰਾਸ਼ਾ ਦੀ ਛਾਪ ਪਾਉਣਾ, ਬੜਾ ਹੀ ਭਿਆਨਕ ਪਾਪ ਹੈ।

- ਰਵਿੰਦਰ ਨਾਥ ਟੈਗੋਰ

❑ ਸੰਗ੍ਰਹਿ ਕਰਤਾ : ਡਿੰਪਲਜੀਤ ਰੰਧਾਵਾ



ਪ੍ਰੇਰਕ-ਪ੍ਰਸੰਗ : ਰਾਧੇਲਾਲ 'ਨਵਚੱਕਰ'

# ਦੁਸ਼ਮਣ ਬਣੇ ਦੋਸਤ

ਲੰਮੇ ਸਮੇਂ ਦੇ ਬਾਅਦ ਹਜ਼ਰਤ ਉਮਰ ਇਕ ਅਜਿਹੇ ਬਾਦਸ਼ਾਹ ਦੀ ਰਾਜਧਾਨੀ ਵਿੱਚ ਪਹੁੰਚੇ ਜਿਸ ਨਾਲ ਸਾਲਾਂ ਤੋਂ ਉਹਨਾਂ ਦਾ ਨਾਰਾਜਗੀ ਚਲ ਰਹੀ ਸੀ। ਜਦ ਉਹ ਉਥੇ ਪਹੁੰਚੇ ਤਾਂ ਸੰਜੋਗ ਅਜਿਹਾ ਸੀ ਕਿ ਊਠ ਦੀ ਪਿੱਠ ਤੇ ਉਹਨਾਂ ਦਾ ਗੁਲਾਮ ਬੈਠਾ ਹੋਇਆ ਸੀ ਅਤੇ ਉਹ ਊਠ ਦੀ ਨਕੇਲ ਫੜੀ ਹੇਠਾਂ ਖੜੇ ਸਨ।

ਬਾਦਸ਼ਾਹ ਦੇ ਵਜ਼ੀਰ ਨੇ ਊਠ ਤੇ ਸਵਾਰ ਗੁਲਾਮ ਨੂੰ ਹੀ ਹਜ਼ਰਤ ਉਮਰ ਸਮਝ ਕੇ ਉਹਨਾਂ ਨੂੰ ਸਲਾਮ ਕਰਨ ਗਏ ਤਾਂ ਗੁਲਾਮ ਨੇ ਘਬਰਾ ਕੇ ਕਿਹਾ – ਬਾਦਸ਼ਾਹ ਹਜ਼ਰਤ ਉਮਰ ਤਾਂ ਊਠ ਦੀ ਨਕੇਲ ਫੜੇ ਹਨ। ਮੈਂ ਤਾਂ ਉਹਨਾਂ ਦਾ ਇਕ ਸਧਾਰਣ ਜਿਹਾ ਗੁਲਾਮ ਹਾਂ।

ਇਹ ਸੁਣ ਕੇ ਸਾਰਿਆਂ ਨੂੰ ਹੈਰਾਨੀ ਹੋਈ। ਸਚਾਈ ਕੀ ਹੈ? ਸਾਰਿਆਂ ਨੇ ਜਾਣਨਾ ਚਾਹਿਆ।

ਹਜਰਤ ਉਮਰ ਨੇ ਰਾਜ ਖੋਲ੍ਹਿਆ। ਗੱਲ ਇਕਦਮ ਸਿੱਧੀ ਜਿਹੀ ਹੈ। ਅਸੀਂ ਲੋਕ ਲੰਮੇ ਸਫਰ ਤੋਂ ਆ ਰਹੇ ਹਾਂ। ਹਰੇਕ ਚਾਰ ਕੋਹ ਤੇ ਕਦੇ ਮੈਂ ਅਤੇ ਕਦੇ ਮੇਰਾ ਗੁਲਾਮ ਊਠ ਦੀ ਪਿੱਠ ਤੇ ਸਵਾਰ ਹੋ ਕੇ ਚਲਦੇ ਆਏ ਹਾਂ। ਜਦ ਮੈਂ ਸਵਾਰ ਹੁੰਦਾ, ਊਠ ਦੀ ਨਕੇਲ ਗੁਲਾਮ ਦੇ ਹੱਥ ਵਿੱਚ ਅਤੇ ਜਦ ਉਹ ਸਵਾਰ ਰਹਿੰਦਾ ਤਾਂ ਊਠ ਦੀ ਨਕੇਲ ਮੇਰੇ ਹੱਥ ਵਿੱਚ। ਇਸ ਸਮੇਂ ਵਾਰੀ ਸੀ ਗੁਲਾਮ ਦੀ ਇਸ ਲਈ ਊਠ ਦੀ ਨਕੇਲ ਮੇਰੇ ਹੱਥ ਵਿੱਚ ਹੈ।

ਜਦ ਇਹ ਖਬਰ ਬਾਦਸ਼ਾਹ ਦੇ ਕੰਨ੍ਹਾਂ ਵਿੱਚ ਪਹੁੰਚੀ ਤਾਂ ਉਹ ਵੀ ਹੈਰਾਨ ਰਹਿ ਗਏ। ਫਿਰ ਉਸ ਨੇ ਆ ਕੇ ਉਹਨਾਂ ਦਾ ਬਹੁਤ ਸਨਮਾਨ ਕਰਦੇ ਹੋਏ ਕਿਹਾ – ਜੋ ਬਾਦਸ਼ਾਹ ਆਪਣੇ ਗੁਲਾਮ ਦੇ ਨਾਲ ਐਨੀ ਆਦਮੀਅਤ ਦਾ ਸਲੂਕ ਕਰਦਾ ਹੈ, ਭਲਾ ਉਸ ਨਾਲ ਮੇਰੀ ਕਿਹੋ ਜਿਹੀ ਲੜਾਈ। ਅੱਜ ਤੋਂ ਆਪ ਮੇਰੇ ਉਸਤਾਦ ਹੋ ਅਤੇ ਮੈਂ ਆਪ ਦਾ ਸ਼ਾਗਿਰਦ।

ਉਸ ਦਿਨ ਤੋਂ ਦੋਹਾਂ ਦੀ ਲੜਾਈ ਖਤਮ ਹੋ ਗਈ ਅਤੇ ਦੁਸ਼ਮਣ ਬਣ ਗਏ ਦੋਸਤ। ■

ਲੇਖ : ਕਿਰਣ ਬਾਲਾ

# ਕਿਵੇਂ ਭੁੱਲੀਏ ਚਿੜੇ ਅਤੇ ਚਿੜੀਆਂ ਨੂੰ?



ਚਿੜੀਆਂ ਦਾ ਚਹਿਕਨਾ ਭਲਾ ਕਿਸ ਨੂੰ ਚੰਗਾ ਨਹੀਂ ਲੱਗਦਾ? ਤੀਲਾ-ਤੀਲਾ ਇਕਠਾ ਕਰਕੇ ਉਸ ਦਾ ਆਲ੍ਹਣਾ ਬਣਾਉਣਾ ਫਿਰ ਆਂਡੇ ਦੇਣਾ ਅਤੇ ਭੱਜ-ਦੌੜ ਕਰਕੇ ਬੱਚਿਆਂ ਦੇ ਲਈ ਨਰਮ ਖਾਣੇ ਦੀ ਵਿਵਸਥਾ ਕਰਨਾ, ਨਿਸ਼ਚਿਤ ਹੀ ਉਹਨਾਂ ਦੀ ਸੂਝਬੂਝ ਦਾ ਪਰਿਣਾਮ ਹੈ। ਆਂਡਿਆਂ ਵਿਚੋਂ ਜਦ ਨਵਜਾਤ ਬਾਹਰ ਨਿਕਲਦੇ ਹਨ ਅਤੇ ਚਿੜਾ-ਚਿੜੀ ਉਹਨਾਂ ਲਈ ਦਾਣਾ-ਪਾਣੀ ਲਿਆਉਂਦੇ ਹਨ ਤਾਂ ਬੱਚਿਆਂ ਦਾ ਬੋਲਣ ਲਈ ਮੂੰਹ ਅੱਡਣਾ ਵੇਖਦੇ ਹੀ ਬਣਦਾ ਹੈ। ਲੇਕਿਨ ਅੱਜ ਸਾਡੇ ਘਰ-ਵਿਹੜੇ ਵਿਚੋਂ ਚਿੜੀ ਦੇ ਦਰਸ਼ਨ ਦੁਰਲਭ ਹਨ। ਇਹ ਲੁਪਤ ਹੋਣ ਦੇ ਕਾਗਾਰ ਤੇ ਹੈ।

ਇਹ ਇਕ ਜਾਣੀ-ਪਛਾਣੀ ਚਿੜੀ ਹੈ ਜੋ ਆਪ ਦੇ ਅਤੇ ਸਾਡੇ ਘਰਾਂ ਵਿੱਚ ਟਹਿਕਦੀ ਰਹਿੰਦੀ ਹੈ। ਭਾਵੇਂ ਇਹ ਪਾਲਤੂ ਪੰਛੀ ਨਹੀਂ ਹੈ, ਫਿਰ ਵੀ ਉਹ ਸਾਡੇ ਘਰਾਂ ਵਿੱਚ ਆਲ੍ਹਣਾ ਬਣਾਉਂਦੀ ਹੈ ਅਤੇ ਉਸ ਵਿੱਚ ਆਂਡੇ ਦਿੰਦੀ ਹੈ। ਸਾਡੇ ਘਰ ਵਿੱਚ ਕਿਸੇ ਸੁਰੱਖਿਅਤ ਜਗ੍ਹਾ ਤੇ ਇਹ ਆਲ੍ਹਣਾ ਬਣਾਉਂਦੀ ਹੈ। ਨਰ ਅਤੇ ਮਾਦਾ ਦੋਵੇਂ ਇਹਨੂੰ ਇਕ-ਇਕ ਤਿਨਕਾ ਇੱਕਠਾ ਕਰਕੇ ਤਿਆਰ ਕਰਦੇ ਹਨ। ਅਗਰ ਆਪ ਇਸ ਦੇ ਆਲ੍ਹਣੇ ਨੂੰ ਤੋੜ ਦਿਉ ਤਦ ਵੀ ਇਹ ਹਿੰਮਤ ਨਹੀਂ ਹਾਰਦੀ ਅਤੇ ਦੁਬਾਰਾ ਉਸੇ ਸਥਾਨ ਤੇ ਆਲ੍ਹਣਾ ਬਣਾਉਂਦੀ ਹੈ। ਆਲ੍ਹਣਾ ਐਨਾ ਵੱਡਾ ਹੁੰਦਾ ਹੈ ਕਿ ਉਸ ਵਿੱਚ ਪੰਜ-ਛੇ ਆਂਡੇ ਦਿੱਤੇ ਜਾ ਸਕਣ।

ਆਂਡਿਆਂ ਵਿਚੋਂ ਜਦ ਬੱਚੇ ਬਾਹਰ ਨਿਕਲਦੇ ਹਨ ਤਾਂ ਉਹ ਉਡ ਨਹੀਂ ਸਕਦੇ ਅਤੇ ਆਪਣਾ ਭੋਜਨ ਖੁਦ ਜੁਟਾ ਨਹੀਂ ਸਕਦੇ। ਇਸ ਹਾਲਤ ਵਿੱਚ ਉਹਨਾਂ ਦੇ ਮਾਤਾ-ਪਿਤਾ ਆਪਣੀ ਚੁੰਝ ਵਿੱਚ ਉਹਨਾਂ ਲਈ ਭੋਜਨ ਲਿਆਉਂਦੇ ਹਨ ਅਤੇ ਮੂੰਹ ਵਿੱਚ ਪਾਉਂਦੇ ਹਨ। ਬੱਚਿਆਂ ਨੂੰ ਭੁੱਖ ਜ਼ਿਆਦਾ ਲੱਗਦੀ ਹੈ ਅਤੇ ਗਿਣਤੀ ਵਿੱਚ ਵੀ ਉਹ ਪੰਜ-ਛੇ ਤਕ ਹੋ ਸਕਦੇ ਹਨ ਇਸ ਲਈ ਮਾਤਾ-ਪਿਤਾ ਸਾਰਾ ਦਿਨ ਉਹਨਾਂ ਲਈ ਭੋਜਨ ਇੱਕਠਾ ਕਰਨ ਵਿੱਚ ਹੀ ਲੱਗੇ ਰਹਿੰਦੇ ਹਨ। ਕਈ ਵਾਰ ਉਹ ਖੁਦ ਭੁੱਖੇ ਰਹਿ ਜਾਂਦੇ ਹਨ ਲੇਕਿਨ ਬੱਚਿਆਂ ਨੂੰ ਖੁਵਾਉਂਦੇ ਹਨ। ਜਦ ਬੱਚੇ ਸਿਆਣੇ ਹੋ ਜਾਂਦੇ ਹਨ ਤਾਂ ਨਰ ਅਤੇ ਮਾਦਾ ਮਿਲ ਕੇ ਉਹਨਾਂ ਨੂੰ ਉਡੱਣਾ ਸਿਖਾਉਂਦੇ ਹਨ। ਭਾਵੇਂ ਇਹ ਇਕ ਡਰਪੋਕ ਚਿੜੀ ਹੈ ਲੇਕਿਨ ਢੀਠ ਵੀ ਖੂਬ ਹੈ। ਰੋਟੀ ਬਣਾਉਂਦੇ ਸਮੇਂ ਇਹ ਆਟੇ ਨੂੰ ਚੁੰਝ ਵਿੱਚ ਭਰ ਕੇ ਫੁਰਰ ਨਾਲ ਉਡੱ ਜਾਂਦੀ ਹੈ। ਉਂਝ ਇਹ ਆਲ੍ਹਣਾ ਬਣਾਉਣ ਦੇ ਸਥਾਨ ਨੂੰ ਲੈ ਕੇ ਝਗੜਦੀਆਂ ਹਨ।

ਚਿੜੀ ਤੇ ਖਤਰੇ ਦੇ ਬੱਦਲ ਛਾ ਰਹੇ ਹਨ ਅਤੇ ਉਹ ਆਪਣੀ ਹੋਂਦ ਦੀ ਲੜਾਈ ਲੜ ਰਹੀ ਹੈ। ਉਚੀਆਂ-ਉਚੀਆਂ ਬਹੁ-ਮੰਜ਼ਲੀਆਂ ਇਮਾਰਤਾਂ ਨੇ ਇਹਨਾਂ ਦੇ ਕੁਦਰਤੀ ਠਿਕਾਣਿਆ ਨੂੰ ਨਸ਼ਟ ਕਰ ਦਿਤਾ ਤਾਂ ਰਹੀ-ਸਹੀ ਕਸਰ ਮੋਬਾਇਲ ਟਾਵਰਸ ਨੇ ਪੂਰੀ ਕਰ ਦਿੱਤੀ। ਇਹਨਾਂ ਟਾਵਰਾਂ ਤੋਂ ਨਿਕਲਦੀਆਂ ਰੇਡੀਏਸ਼ਨ ਕਿਰਣਾਂ ਚਿੜੀ ਦੀ ਜਾਨ ਦੀ ਦੁਸ਼ਮਣ ਬਣੀਆਂ ਹੋਈਆਂ ਹਨ। ਇੰਟਰਨੇਸ਼ਨਲ ਯੂਨੀਅਨ ਫਾਰ ਕੋਜਰਵੇਸ਼ਨ ਆਫ ਨੇਚਰ ਦੀ ਰਿਪੋਰਟ ਦੇ ਮੁਤਾਬਿਕ, ਦੁਨੀਆ ਵਿੱਚੋਂ →

*ਪ੍ਰੇਰਕ-ਪ੍ਰਸੰਗ : ਸੀਤਾਰਾਮ ਗੁਪਤਾ*

# ਆਤਮਵਿਸ਼ਵਾਸ਼ ਦੀ ਜਿੱਤ




## ਵਿਲਮਾ ਰੁਡੋਲਫ ਦਾ ਅਪਾਹਜਤਾ ਨਾਲ 3 ਉਲੰਪਿਕ ਗੋਲਡ ਤਕ ਦਾ ਸਫਰ

ਘਟਨਾ 1960 ਦੀ ਹੈ। ਸਥਾਨ ਸੀ ਯੂਰਪ ਦਾ ਸੁੰਦਰ ਇਤਿਹਾਸਕ ਨਗਰ ਅਤੇ ਇਟਲੀ ਦੀ ਰਾਜਧਾਨੀ ਰੋਮ। ਸਾਰੇ ਵਿਸ਼ਵ ਦੀਆਂ ਨਿਗਾਹ 25 ਅਗਸਤ ਤੋਂ 11 ਸਤੰਬਰ ਤਕ ਹੋਣ ਵਾਲੇ ਉਲੰਪਿਕ ਖੇਡਾਂ ਤੇ ਟਿਕੀ ਹੋਈ ਸੀ। ਇਹਨਾਂ ਉਲੰਪਿਕ ਖੇਡਾਂ ਵਿੱਚ ਇਕ ਵੀਹ ਸਾਲ ਦੀ ਬਾਲਿਕਾ ਵੀ ਹਿੱਸਾ ਲੈ ਰਹੀ ਸੀ। ਉਹ ਐਨੀ ਤੇਜ਼ ਦੌੜੀ, ਐਨੀ ਤੇਜ਼ ਦੌੜੀ ਕਿ 1960 ਦੇ ਉਲੰਪਿਕ ਮੁਕਾਬਲਿਆਂ ਵਿੱਚ ਤਿੰਨ ਸੋਨੇ ਦੇ ਪਦਕ ਜਿੱਤ ਕੇ ਦੁਨੀਆ ਦੀ ਸਭ ਤੋਂ ਤੇਜ਼ ਦੌੜਾਕ ਬਣ ਗਈ।

ਰੋਮ ਉਲੰਪਿਕ ਵਿੱਚ 83 ਦੇਸ਼ਾਂ ਦੇ ਲੋਕ 5346 ਖਿਡਾਰੀਆਂ ਵਿੱਚ ਇਸ ਵੀਹ ਵਰ੍ਹਿਆਂ ਦੀ ਬਾਲਿਕਾ ਦਾ ਅਸਧਾਰਣ ਤਾਕਤ ਵੇਖਣ ਲਈ ਇਸ ਲਈ ਉਤਸੁਕ ਨਹੀਂ ਸਨ ਕਿ ਵਿਲਮਾ ਰੁਡੋਲਫ ਨਾਮਕ ਇਹ ਬੱਚੀ ਸਾਵਲੀ ਸੀ ਬਲਕਿ ਉਹ ਬੱਚੀ ਸੀ ਜਿਹਨੂੰ ਚਾਰ ਸਾਲ ਦੀ ਉਮਰ ਵਿੱਚ ਡਬਲ ਨਿਮੋਨੀਆ ਅਤੇ ਕਾਲਾ ਬੁਖਾਰ ਹੋਣ ਨਾਲ ਪੋਲੀਓ ਹੋ ਗਿਆ ਅਤੇ ਸਿੱਟੇ ਵਜੋਂ ਉਹਨੂੰ ਪੈਰਾਂ ਵਿੱਚ ਬ੍ਰੇਸ ਪਾਉਣੀ ਪਈ। ਵਿਲਮਾ ਰੁਡੋਲਫ ਗਿਆਰਾ ਸਾਲ ਦੀ ਉਮਰ ਤਕ ਚਲ-ਫਿਰ ਨਹੀਂ ਸਕਦੀ ਸੀ ਲੇਕਿਨ ਉਸ ਨੇ ਇਕ ਸੁਪਨਾ ਪਾਲ ਰੱਖਿਆ ਸੀ ਕਿ ਉਹਨੂੰ ਦੁਨੀਆਂ ਦੀ ਸਭ ਤੋਂ ਤੇਜ਼ ਦੌੜਾਕ ਬਣਨਾ ਹੈ। ਉਸ ਸੁਪਨੇ ਨੂੰ ਯਥਾਰਥ ਵਿੱਚ ਪ੍ਰੀਵਰਤਨ ਹੁੰਦਾ ਵੇਖਣ ਲਈ ਹੀ ਐਨੇ ਉਤਸੁਕ ਸਨ ਪੂਰੀ ਦੁਨੀਆਂ ਦੇ ਲੋਕ ਅਤੇ ਖੇਡ ਪ੍ਰੇਮੀ।

ਡਾਕਟਰ ਦੇ ਮਨਾ ਕਰਨ ਦੇ ਬਾਵਜੂਦ ਵਿਲਮਾ ਰੁਡੋਲਫ ਨੇ ਆਪਣੇ ਪੈਰਾਂ ਦੀ ਬ੍ਰੇਸ ਉਤਾਰ ਸੁੱਟੀ ਅਤੇ ਖੁਦ ਨੂੰ ਮਾਨਸਿਕ ਰੂਪ ਨਾਲ ਤਿਆਰ ਕਰ ਕੇ ਪ੍ਰੈਕਟਿਸ ਵਿੱਚ ਜੁੱਟ ਗਈ। ਆਪਣੇ ਸੁਪਨੇ ਨੂੰ ਮਨ ਵਿੱਚ ਦ੍ਰਿੜ ਕਰਦੇ ਹੋਏ ਉਹ ਨਿਰੰਤਰ ਪ੍ਰੈਕਟਿਸ ਕਰਦੀ ਰਹੀ। ਉਸ ਨੇ ਆਪਣੇ ਆਤਮਵਿਸ਼ਵਾਸ਼ ਨੂੰ ਐਨਾ ਉਚਾ ਕਰ ਦਿੱਤਾ ਕਿ ਅਸੰਭਵ ਜਿਹੀ ਗੱਲ ਪੂਰੀ ਕਰ ਵਿਖਾਈ। ਉਸ ਨੇ ਇਕ ਵਾਰ ਤਿੰਨ ਸੋਨੇ ਦੇ ਮੈਡਲ ਹਾਸਿਲ ਕਰ ਵਿਖਾਏ। ਸੱਚ ਹੈ ਅਗਰ ਵਿਅਕਤੀ ਵਿੱਚ ਪੂਰਣ ਆਤਮਵਿਸ਼ਵਾਸ਼ ਹੈ ਤਾਂ ਸਰੀਰਕ ਅਪਾਹਜਤਾ ਵੀ ਉਸ ਦੀ ਰਾਹ ਵਿੱਚ ਵਿਘਨ ਨਹੀਂ ਬਣ ਸਕਦੀ। ■

---

→ ਅਲੋਪ ਹੁੰਦੀਆਂ 7291 ਪ੍ਰਜਾਤੀਆਂ ਵਿੱਚ ਚਿੜੀ ਵੀ ਹੈ। ਭਾਰਤ ਵਿੱਚ ਵੀ ਇਸ ਨੂੰ ਲੁਪਤ ਹੋ ਰਹੇ ਪੰਛੀਆਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ। ਹਰ ਸਾਲ 20 ਮਾਰਚ ਨੂੰ ਚਿੜੀ ਦਿਵਸ ਮਨਾਇਆ ਜਾਂਦਾ ਹੈ ਤਾਂਕਿ ਲੋਕਾਂ ਦਾ ਧਿਆਨ ਉਸ ਦੀ ਸੁਰੱਖਿਆ ਤੇ ਜਾ ਸਕੇ। ਉਧਰ ਵਰਲਡ ਲਾਈਫ ਇੰਟਰਨੇਸ਼ਨਲ ਦੁਆਰਾ ਜਾਰੀ ਸੂਚੀ ਵਿੱਚ ਵੀ ਚਿੜੀ ਨੂੰ ਉਹਨਾਂ ਪੰਛੀਆਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ ਜਿਹਨਾਂ ਦੀ ਗਿਣਤੀ ਤੇਜ਼ੀ ਨਾਲ ਘੱਟ ਰਹੀ ਹੈ।

ਕਿਸੇ ਸਮੇਂ ਚਿੜੀ ਪੇਂਡੂ ਅਤੇ ਸ਼ਹਿਰੀ ਦੋਰਾਂ ਖੇਤਰਾਂ ਵਿੱਚ ਬਹੁਤ ਮਿਲ ਜਾਂਦੀ ਸੀ ਲੇਕਿਨ ਅੱਜ ਇਹਨਾਂ ਦੋਹਾਂ ਥਾਵਾਂ ਤੇ ਇਹਨਾਂ ਦੀ ਗਿਣਤੀ ਸਿਮਟ ਕੇ ਰਹਿ ਗਈ ਹੈ। ਪਿਛਲੇ ਦਸ਼ਕ ਵਿੱਚ ਇਹਨਾਂ ਦੀ ਗਿਣਤੀ ਵਿੱਚ 60 ਪ੍ਰਤੀਸ਼ਤ ਗਿਰਾਵਟ ਵੇਖੀ ਗਈ ਹੈ ਜੋ ਕਿ ਚਿੰਤਾ ਦੀ ਗੱਲ ਹੈ। ■




# ਦਾਦਾ ਜੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ




ਬਰਸਾਤ ਐਨੀ ਤੇਜ਼ ਸੀ ਕਿ ਥੋੜੀ ਦੇਰ ਵਿੱਚ ਹੀ ਸਾਰੀ ਬਸਤੀ ਪਾਨੀ ਨਾਲ ਭਰ ਗਈ। ਕੁਝ ਭਾਲੂ ਤਾਂ ਰੁੱਖਾਂ ਤੇ ਚੜ ਗਏ ਅਤੇ ਕੁਝ ਭਾਲੂ ਇਧਰ-ਉਧਰ ਆਪਨੀ ਜਾਨ ਬਚਾਉਣ ਵਿੱਚ ਲੱਗ ਗਏ।
ਪਾਣੀ ਦਾ ਬਹਾਵ ਐਨਾ ਤੇਜ਼ ਸੀ ਕਿ ਚੀਕੂ ਆਪਣੇ ਮੰਮੀ-ਪਾਪਾ ਤੋਂ ਵਿਛੜ ਗਿਆ। ਚੀਕੂ ਦੀ ਮੰਮੀ ਰੋਂਦੀ ਰਹਿ ਗਈ।
ਸਵੇਰ ਹੁੰਦੇ-ਹੁੰਦੇ ਬਾਰਿਸ਼ ਥਮ ਗਈ। ਸਾਰੇ ਭਾਲੂਆਂ ਨੇ ਚੈਨ ਦੀ ਸਾਹ ਲਈ ਅਤੇ ਆਪਣਿਆਂ ਦੀ ਭਾਲ ਵਿੱਚ ਜੁੱਟ ਗਏ। ਸਾਰਿਆਂ ਨੂੰ ਆਪਣੇ ਸਾਥੀ ਭਾਲੂ ਮਿਲ ਗਏ, ਪਰ ਚੀਕੂ ਦਾ ਕੋਈ ਪਤਾ ਨਾ ਲੱਗਿਆ।


ਵਹਿੰਦਾ ਹੋਇਆ ਚੀਕੂ ਦੂਰ ਜਾ ਕੇ
ਝਾੜੀਆਂ ਵਿੱਚ ਫਸ ਗਿਆ ਸੀ।
ਇਹ ਮਦਦ ਲਈ ਆਵਾਜ਼ ਲਗਾ ਰਿਹਾ ਸੀ
ਤਦੇ ਉਥੇ ਇਕ ਬਾਂਦਰ ਆਇਆ। ਉਸ ਨੇ
ਚੀਕੂ ਨੂੰ ਝਾੜੀ ਵਿਚੋਂ ਬਾਹਰ ਕੱਢਿਆ।
ਚੀਕੂ ਨੇ ਬਾਂਦਰ ਦਾ ਧੰਨਵਾਦ ਕੀਤਾ ਅਤੇ ਕਿਹਾ ਤੂੰ
ਮੇਰੇ ਨਾਲ ਘਰ ਚਲ, ਕੱਲ ਮੇਰਾ ਜਨਮ-ਦਿਨ ਹੈ,
ਖੂਬ ਮੌਜ-ਮਸਤੀ ਕਰਾਂਗੇ।
ਬਾਂਦਰ ਨੇ ਕਿਹਾ ਠੀਕ ਹੈ, ਅਤੇ ਦੋਵੇਂ
ਉਛਲਕੂਦ ਕਰਦੇ ਹੋਏ ਚਲ ਪਏ।


ਇਧਰ ਚੀਕੂ ਦੀ ਮੰਮੀ ਚੀਕੂ ਦੀ ਉਡੀਕ ਕਰ ਰਹੀ ਸੀ ਅਤੇ ਉਸਦਾ ਵਿਸ਼ਵਾਸ਼ ਸੀ ਕਿ ਚੀਕੂ ਜ਼ਰੂਰ ਆਏਗਾ।
ਜਿਉਂ ਹੀ ਚੀਕੂ ਘਰ ਪਹੁੰਚਾ ਤਾਂ ਉਸਦੇ ਮੰਮੀ-ਪਾਪਾ ਬਹੁਤ ਖ਼ੁਸ਼ ਹੋਏ।
ਚੀਕੂ ਨੇ ਆਪਣੇ ਨਵੇਂ ਦੋਸਤ ਬਾਂਦਰ ਨੂੰ ਸਾਰੇ ਭਾਲੂਆਂ ਨਾਲ ਮਿਲਵਾਇਆ ਅਤੇ ਉਹਨਾਂ ਨੇ ਵੀ ਬਾਂਦਰ ਦਾ ਧੰਨਵਾਦ ਕੀਤਾ।
ਅਗਲੇ ਦਿਨ ਚੀਕੂ ਦਾ ਜਨਮ-ਦਿਨ ਬੜੀ ਧੂਮ ਨਾਲ ਮਨਾਇਆ ਗਿਆ। ਸਾਰੇ ਭਾਲੂਆਂ ਨੇ ਅਤੇ ਬਾਂਦਰ ਨੇ ਮਿਲ ਕੇ ਖ਼ੂਬ ਧਮਾਚੌਕੜੀ ਮਚਾਈ ਅਤੇ ਚੀਕੂ ਨੂੰ ਢੇਰ ਸਾਰੀਆਂ ਵਧਾਈਆਂ ਦਿੱਤੀਆਂ।
ਸਿਖਿਆ : ਪਿਆਰੇ ਬੱਚਿਓ ! ਮੁਸੀਬਤ ਵਿੱਚ ਫਸੇ ਲੋਕਾਂ ਦੀ ਮਦਦ ਜ਼ਰੂਰ ਕਰਨੀ ਚਾਹੀਦੀ ਹੈ।

# ਬੁੱਧੀ ਦੀ ਪਰਖ

ਦੋਹਾਂ ਚਿਤੱਰਾਂ ਵਿਚੋਂ
15 ਅੰਤਰ ਲੱਭੋ!








Video & Audio Webcasts on www.nirankari.org - Every month

SANT NIRANKARI MISSION

Registered with the Registrar of Newspaper For India Under RNI No. 32345/77 : Delhi Postal Regd. No. G-3/DL (N)/137/2018-20
: Licence No. U (DN)-60/2018-20
: Licenced to post without Pre-payment




## ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਉ !

ਸੰਤ ਨਿਰੰਕਾਰੀ (ਗਿਆਰਾਂ ਭਾਸ਼ਾਵਾਂ ਵਿਚ) | ਏਕ ਨਜ਼ਰ (ਤਿੰਨ ਭਾਸ਼ਾਵਾਂ ਵਿਚ) | ਹੰਸਤੀ ਦੁਨੀਆ (ਚਾਰ ਭਾਸ਼ਾਵਾਂ ਵਿੱਚ)

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ
'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ-
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ
PH. 011–47660200, E-mail : patrika@nirankari.org

**ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ**

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

**TAMIL**
Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.)
Ph. 04423740830

**ORIYA**
Sant Nirankari Satsang Bhawan, Kazidiha, Post Madhupatna, CUTTACK-753 010 (Orissa)
Ph. 0671-2341250

**TELUGU**
Sant Nirankari Satsang Bhawan, No. 6-2-970, Khairtabad, HYDERABAD-Pin : 500 029
Ph. 0104-23317879

**GUJRATI**
Sant Nirankari Satsang Bhawan, 1st Floor, 50, Morbag Road, Naigaon, Dadar (E) MUMBAI - 400 014 (Mah.)
Ph. 22-24102047

**KANNADA**
Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka)
Ph. 080-26577212

**BANGLA**
Sant Nirankari Satsang Bhawan, 884,G.T. Road, Laxmipur-2 East Bardhman—713101
Ph. 0342-2657219

ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ
ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)